# ਸੈਨਤ, ਗੁਰੂ ਨਾਨਕ ਦੇ ਪੈਂਡਿਆਂ ਦੀ ਰੂਹਾਨੀ ਛਾਪ

## ਐਪੀਸੋਡ ੨੨: ਲਿਹਾਜ਼-ਏ-ਇਨਸਾਨੀਅਤ (ਮਨੁੱਖਤਾ ਦਾ ਸਤਿਕਾਰ)

'ਲਿਹਾਜ਼-ਏ-ਇਨਸਾਨੀਅਤ', 'ਮਨੁੱਖਤਾ ਦਾ ਸਤਿਕਾਰ' ਗੁਰੂ ਨਾਨਕ ਦੀ 'ਖੋਰਾਸਾਨ' ਵਿੱਚ ਰੂਹਾਨੀ ਵਿਰਾਸਤ। 'ਗੰਧਾਰ' ਵਿੱਚ ਇਨਸਾਨਪ੍ਰਸਤ ਮਿਹਰਬਾਨ ਇਨਸਾਨੀਅਤ ਦੀ ਮਹਿਕ ਫੈਲਾ ਰਹੇ ਹਨ।

ਆਖਣੁ ਸੁਨਣਾ ਪਉਣ ਕੀ ਬਾਣੀ ਇਹੁ ਮਨੁ ਰਤਾ ਮਾਇਆ॥
ਖਸਮ ਕੀ ਨਦਰਿ ਦਿਲਹਿ ਪਸਿੰਦੇ ਜਿਨੀ ਕਰਿ ਏਕੁ ਧਿਆਇਆ॥
ਤੀਹ ਕਰਿ ਰਖੇ ਪੰਜ ਕਰਿ ਸਾਥੀ ਨਾਉ ਸੈਤਾਨੁ ਮਤੁ ਕਟਿ ਜਾਈ॥
ਨਾਨਕੁ ਆਖੈ ਰਾਹਿ ਪੈ ਚਲਣਾ ਮਾਲੁ ਧਨੁ ਕਿਤ ਕੂ ਸੰਜਿਆਹੀ॥
(ਸਿਰੀ ਰਾਗ, ਗੁਰੂ ਨਾਨਕ)

ਬਿਨਾਂ ਸੋਚ-ਵਿਚਾਰ ਤੋਂ ਬਾਣੀ ਨੂੰ ਬੋਲਣਾ ਅਤੇ ਸੁਣਨਾ ਮਨ ਮਾਇਆ ਵਿੱਚ ਰੱਤਿਆ ਰਹਿੰਦਾ ਹੈ।
ਇਲਾਹੀ ਦੀ ਨਦਰ ਉਸੇ ਉੱਤੇ ਹੁੰਦੀ ਹੈ ਜੋ ਤਹਿ ਦਿਲੋਂ ਵਿਵੇਕ ਅਤੇ ਵਹਿਦਤ ਵਿੱਚ ਰੱਤਿਆ ਹੈ।
ਤੀਹ ਦਿਨ ਰੋਜ਼ੇ ਰੱਖਣ ਅਤੇ ਦਿਨ ਵਿੱਚ ਪੰਜ ਨਮਾਜ਼ਾਂ ਪੜ੍ਹਣ ਤੋਂ ਬਾਅਦ ਜੇ ਸ਼ੈਤਾਨ ਮਤ ਬੇਕਾਬੂ ਹੈ ਤਾਂ ਸਾਰੇ ਉਪਰਾਲੇ ਬੇਅਰਥ ਹਨ।
ਨਾਨਕ ਨੇ ਆਖਿਆ ਕਿ ਸੱਚ ਦੇ ਰਾਹ ਉੱਤੇ ਚੱਲੋ। ਮਾਇਆ ਅਤੇ ਜਾਇਦਾਦ ਜੋੜਨ ਵਿੱਚ ਕਿਉਂ ਲਗੇ ਹੋ?
(ਸਿਰੀ ਰਾਗ, ਗੁਰੂ ਨਾਨਕ)

ਗੁਰੂ ਨਾਨਕ ਨੇ ਫ਼ਰਮਾਇਆ ਕਿ ਜੇ ਕੋਈ ਪਦਾਰਥ ਦੀ ਲਾਲਸਾ ਵਿੱਚ ਡੁੱਬਿਆ ਰਹਿੰਦਾ ਹੈ ਤਾਂ ਵਹਿਦਤ ਨਾਲ ਜੁੜਨ ਲਈ ਬੋਲੀ ਅਤੇ ਸੁਣੀ ਗਈ ਬਾਣੀ, ਹਵਾ ਦੇ ਬੁੱਲੇ ਵਾਂਗ ਚੱਲਣਹਾਰ ਹੈ।

ਜੇ ਅੰਦਰਲੇ 'ਸ਼ੈਤਾਨ' ਹੀ ਕਾਬੂ ਤੋਂ ਬਾਹਰ ਹਨ ਤਾਂ ਮਨ ਨੂੰ ਕਾਬੂ ਕਰਨ ਲਈ ਸੰਜਮ ਦੇ ਅਮਲ ਬੇਅਰਥ ਹਨ ।

ਪੁਰਾਣੀਆਂ 'ਜਨਮਸਾਖੀਆਂ' ਵਿੱਚ ਗੁਰੂ ਨਾਨਕ ਅਤੇ ਭਾਈ ਮਰਦਾਨਾ ਦੇ ਇਰਾਨ ਤੋਂ ਅਫ਼ਗ਼ਾਨਿਸਤਾਨ ਜਾਣ ਵਾਲੇ ਖ਼ਸੂਸੀ ਰਾਹ ਦਾ ਜ਼ਿਕਰ ਨਹੀਂ ਹੈ। ਡਾ. ਕਿਰਪਾਲ ਸਿੰਘ ਨੇ ਆਪਣੀ ਕਿਤਾਬ 'ਜਨਮਸਾਖੀ ਪ੍ਰੰਪਰਾ' ਵਿੱਚ ਰਾਇ ਪੇਸ਼ ਕੀਤੀ ਹੈ ਕਿ ਮਸ਼ਦ ਤੋਂ ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਉੱਤਰੀ ਅਫ਼ਗ਼ਾਨਿਸਤਾਨ ਰਾਹੀਂ ਬਲਖ਼ ਅਤੇ ਮਜ਼ਾਰ-ਏ-ਸ਼ਰੀਫ਼ ਤੋਂ ਪੂਰਬ ਵਾਲੇ ਪਤਸੇ, ਕਾਬੁਲ ਦਾ ਸਫ਼ਰ ਕੀਤਾ। 'ਭਾਈ ਮਨੀ ਸਿੰਘ ਜਨਮਸਾਖੀ' ਵਿੱਚ ਜ਼ਿਕਰ ਆਉਂਦਾ ਹੈ ਕਿ ਉਨ੍ਹਾਂ ਨੇ ਮਸ਼ਦ ਤੋਂ ਦੱਖਣੀ ਅਫ਼ਗ਼ਾਨਿਸਤਾਨ ਦੇ ਕੰਧਾਰ ਵਿੱਚੋਂ ਸਫ਼ਰ ਕੀਤਾ। ਦੱਖਣੀ ਅਫ਼ਗ਼ਾਨਿਸਤਾਨ ਵਿੱਚ ਗੁਰੂ ਨਾਨਕ ਨਾਲ ਜੁੜੇ ਬਿਰਤਾਂਤ ਹਨ ਜੋ ਬਲਖ਼ ਅਤੇ ਮਜ਼ਾਰ-ਏ-ਸ਼ਰੀਫ਼ ਇਲਾਕੇ ਵਿੱਚ ਨਹੀਂ ਹਨ। ਇਸ ਲਈ ਅਸੀਂ ਗੁਰੂ ਨਾਨਕ ਦੇ ਪਦਚਿੰਨ੍ਹਾਂ ਉੱਤੇ ਕੰਧਾਰ ਰਾਹੀਂ ਜਾ ਰਹੇ ਹਾਂ।

ਮਸ਼ਦ ਤੋਂ ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਕੰਧਾਰ, ਗ਼ਜ਼ਨੀ, ਕਾਬੁਲ ਅਤੇ ਜਲਾਲਾਬਾਦ ਰਾਹੀਂ ਸਫ਼ਰ ਕੀਤਾ। ਇਸ ਤੋਂ ਅੱਗੇ ਉਨ੍ਹਾਂ ਨੇ ਕੁਰੱਮ ਇਲਾਕੇ ਵਿੱਚੋਂ ਸਫ਼ਰ ਕਰਦੇ ਹੋਏ ਕੁਰੱਮ ਦਰ੍ਰਾ ਪਾਰ ਕੀਤਾ ਅਤੇ ਪਾਰਾਚਿਨਾਰ ਪਹੁੰਚੇ। ਉਨ੍ਹਾਂ ਨੇ ਆਪਣਾ ਸਫ਼ਰ ਇਬਰਾਹਿਮਜ਼ਈ, ਪੇਸ਼ਾਵਰ, ਐਮਨਾਬਾਦ ਰਾਹੀਂ ਜਾਰੀ ਰੱਖਿਆ ਅਤੇ ਤਲਵੰਡੀ ਪਹੁੰਚੇ ਜਿਸ ਨੂੰ ਹੁਣ ਨਨਕਾਣਾ ਸਾਹਿਬ ਕਹਿੰਦੇ ਹਨ। ਮਸ਼ਦ ਤੋਂ ਉਹ ਸਭ ਤੋਂ ਪਹਿਲਾਂ ਕੰਧਾਰ ਪਹੁੰਚੇ।

ਅਸੀਂ ਇਰਾਨ ਤੋਂ ਅਫ਼ਗ਼ਾਨਿਸਤਾਨ ਜਾ ਰਹੇ ਹਾਂ ਅਤੇ ਕੰਧਾਰ ਤੋਂ ਗੁਰੂ ਨਾਨਕ ਦੇ ਪਦਚਿੰਨ੍ਹਾਂ ਉੱਤੇ ਆਪਣਾ ਸਫ਼ਰ ਜਾਰੀ ਰੱਖਾਂਗੇ।

ਓ ਇਲਾਹੀ ਸੰਗੀਆ, ਮੇਰਾ ਦੋਸਤ ਹਿੰਦੂ ਹੈ, ਅਤੇ ਮੈਂ ਮੁਸਲਮਾਨ ਹਾਂ।
ਓ ਇਲਾਹੀ ਸੰਗੀਆ, ਉਸ ਦੀ ਦੋਸਤੀ ਦੀ ਮੁਹੱਬਤ ਵਿੱਚ ਮੈਂ 'ਧਰਮਸ਼ਾਲ' ਦਾ ਝਾੜੂਬਰਦਾਰ ਹਾਂ ਜਿੱਥੇ ਉਹ ਇਬਾਦਤ ਕਰਦਾ ਹੈ।
ਓ ਇਲਾਹੀ, ਮੇਰੇ ਮਿਹਰਬਾਨ ਸੰਗੀਆ।

ਕੰਧਾਰ ਅਫ਼ਗ਼ਾਨਿਸਤਾਨ ਦਾ ਦੂਜਾ ਵੱਡਾ ਸ਼ਹਿਰ ਹੈ ਜਿਹੜਾ ਅਰਗਨਦਾਬ ਦਰਿਆ ਦੇ ਕਿਨਾਰੇ ਸਮੁੰਦਰ ਤੋਂ ਤੇਤੀ ਸੌ ਦਸ ਫੁੱਟ ਦੀ ਉਚਾਈ ਉੱਤੇ ਵੱਸਿਆ ਹੋਇਆ ਹੈ।

**ਅਮਰਦੀਪ ਸਿੰਘ:** ਕੰਧਾਰ ਦਾ ਨਾਮ 'ਗੰਧਾਰ' ਤੋਂ ਬਣਿਆ ਹੈ। ਇਹ ਸੌਦਾਗਰੀ ਪੱਖੋਂ ਬਹੁਤ ਢੁਕਵੀਂ ਥਾਂ ਉੱਤੇ ਹੈ, ਇਹ ਮੱਧ-ਪੂਰਬ ਅਤੇ ਮਰਕਜ਼ੀ ਏਸ਼ੀਆ ਨੂੰ ਬਰੇ-ਸਗੀਰ ਨਾਲ ਜੋੜਨ ਵਾਲੇ ਸੌਦਾਗਰੀ ਰਾਹਾਂ ਉੱਤੇ ਪੈਂਦਾ ਹੈ।

'ਗੰਧਾਰ' ਸੰਸਕ੍ਰਿਤ ਦਾ ਸ਼ਬਦ ਹੈ ਜਿਸ ਦਾ ਮਾਅਨਾ ਮਹਿਕ ਵਾਲੀ ਧਰਤੀ ਹੈ, ਸ਼ਾਇਦ ਇਸ ਦਾ ਹਵਾਲਾ ਇਸ ਇਲਾਕੇ ਦੀ ਆਬਾਦੀ ਹੈ ਜਿਹੜਾ ਵੰਨ-ਸਵੰਨੀ ਤਹਿਜ਼ੀਬ ਦਾ ਗੁਲਦਸਤਾ ਹੈ। ਕੰਧਾਰ ਦੀ ਬੁਨਿਆਦ ਯੂਨਾਨੀ ਬਾਦਸ਼ਾਹ ਅਲੈਗਜੈਂਡਰ ਨੇ ਰੱਖੀ ਸੀ। ਬਾਅਦ ਵਿੱਚ ਇੱਥੇ ਗੰਗਾ ਦੇ ਮੈਦਾਨੀ ਇਲਾਕਿਆਂ ਦੇ ਮੌਰਿਆ ਸਲਤਨਤ ਦੇ ਰਾਜਿਆਂ ਦਾ ਰਾਜ ਰਿਹਾ ਅਤੇ ਉਨ੍ਹਾਂ ਤੋਂ ਬਾਅਦ ਬੋਧੀ ਬਾਦਸ਼ਾਹ ਅਸ਼ੋਕ ਆਇਆ। ਮਰਕਜ਼ੀ ਏਸ਼ੀਆ ਅਤੇ ਮੱਧ-ਪੂਰਬੀ ਬਾਦਸ਼ਾਹਾਂ ਨੇ ਇਸ ਇਲਾਕੇ ਦੀ ਜਾਣ-ਪਛਾਣ ਇਸਲਾਮੀ ਤਹਿਜ਼ੀਬ ਨਾਲ ਕਰਵਾਈ।

ਕੰਧਾਰ ਵਿੱਚ ਅਸੀਂ ਸੂਫ਼ੀ ਫ਼ਕੀਰ ਬਾਬਾ ਵਲੀ ਕੰਧਾਰੀ ਦੀ ਮਜ਼ਾਰ ਉੱਤੇ ਜਾ ਰਹੇ ਹਾਂ ਜਿਸ ਨਾਲ ਗੁਰੂ ਨਾਨਕ ਦੇ ਰਾਬਤੇ ਦਾ ਜ਼ਿਕਰ ਗੁਰਦਵਾਰਾ ਪੰਜਾ ਸਾਹਿਬ ਵਾਲੀ ਸਾਖੀ ਵਿੱਚ ਆਉਂਦਾ ਹੈ ਜੋ ਪਾਕਿਸਤਾਨ ਦੇ ਸ਼ਹਿਰ ਹਸਨ ਅਬਦਾਲ ਵਿੱਚ ਹੈ।

'ਭਾਈ ਮਨੀ ਸਿੰਘ ਜਨਮਸਾਖੀ' ਵਿੱਚ ਜ਼ਿਕਰ ਆਉਂਦਾ ਹੈ ਕਿ ਕੰਧਾਰ ਵਿੱਚ ਗੁਰੂ ਨਾਨਕ ਅਤੇ ਭਾਈ ਮਰਦਾਨਾ ਦੀ ਮਹਿਮਾਨ ਨਿਵਾਜ਼ੀ ਬਾਬਾ ਵਲੀ ਕੰਧਾਰੀ ਨੇ ਕੀਤੀ। 'ਜਨਮਸਾਖੀ' ਕਲਾ ਵਿੱਚ ਇਸ ਮੁਲਾਕਾਤ

ਦੀ ਪੇਸ਼ਕਾਰੀ ਕੀਤੀ ਗਈ ਹੈ ਜਿਸ ਵਿੱਚ ਸ਼ਾਹ ਸ਼ਰਫ ਦੇ ਨਾਲ ਗੁਰੂ ਨਾਨਕ ਅਤੇ ਬਾਬਾ ਵਲੀ ਕੰਧਾਰੀ ਬੈਠੇ ਹਨ। ਇਹ ਪੱਕ ਨਾਲ ਤਾਂ ਨਹੀਂ ਕਿਹਾ ਜਾ ਸਕਦਾ ਪਰ ਮੁਮਕਿਨ ਹੈ ਕਿ ਇਸ ਚਿੱਤਰ ਵਿੱਚ ਸ਼ਾਹ ਸ਼ਰਫ ਦਰਅਸਲ ਸ਼ੇਖ਼ ਤਾਤੀਹਾਰ ਹਨ ਜੋ ਬੂ ਅਲੀ ਕਲੰਦਰ ਸ਼ਾਹ ਸ਼ਰਫ ਦੀ ਮਜ਼ਾਰ ਦੇ ਰੂਹਾਨੀ ਆਗੂ ਸਨ ਅਤੇ ਗੁਰੂ ਨਾਨਕ ਨੇ ਆਪਣੀ ਪਹਿਲੀ ਉਦਾਸੀ ਦੌਰਾਨ ਪਾਣੀਪਤ ਵਿੱਚ ਉਨ੍ਹਾਂ ਨਾਲ ਗੋਸ਼ਟਿ ਕੀਤਾ ਸੀ।

ਸੀਨਾ-ਬ-ਸੀਨਾ ਚਲੀ ਆਈ ਬਾਤ ਪੈਂਦੀ ਹੈ ਕਿ ਜਦੋਂ ਗੁਰੂ ਨਾਨਕ ਇੱਥੇ ਆਏ ਸਨ ਤਾਂ ਕੰਧਾਰ ਦਾ ਹਾਕਮ ਨਾਇਨਸਾਫ਼ ਅਤੇ ਹਉਮੈਂ ਵਾਲਾ ਇੰਤਜ਼ਾਮੀਆ ਸੀ। ਉਹ ਪੰਜ ਵਾਰ ਨਮਾਜ਼ ਪੜ੍ਹਣ ਲਈ ਮਸਜਿਦ ਜਾਂਦਾ ਸੀ। ਨਾਜਾਇਜ਼ ਵਿਵਹਾਰ ਦਾ ਮੁਆਵਜ਼ਾ ਲਾਜ਼ਮੀ ਮਜ਼ਹਬੀ ਦਸਤੂਰ ਨਿਭਾ ਕੇ ਨਹੀਂ ਦਿੱਤਾ ਜਾ ਸਕਦਾ। ਇਸ ਲਈ ਗੁਰੂ ਨਾਨਕ ਨੇ ਗਹਿਰੇ ਸੁਨੇਹੇ ਵਾਲਾ ਸ਼ਬਦ ਗਾਇਆ।

ਸਉ ਮਣੁ ਹਸਤੀ ਘਿਉ ਗੁੜੁ ਖਾਵੈ ਪੰਜਿ ਸੈ ਦਾਣਾ ਖਾਇ॥
ਡਕੈ ਫੂਕੈ ਖੇਹ ਉਡਾਵੈ ਸਾਹਿ ਗਇਐ ਪਛੁਤਾਇ॥
ਅੰਧੀ ਫੂਕਿ ਮੁਈ ਦੇਵਾਨੀ॥
ਖਸਮਿ ਮਿਟੀ ਫਿਰਿ ਭਾਨੀ॥
(ਰਾਗ ਮਲਾਰ, ਗੁਰੂ ਨਾਨਕ)

ਇੱਕ ਹਾਥੀ ਸੌ ਮਣ ਘਿਓ ਅਤੇ ਗੁੜ੍ਹ ਖਾਂਦਾ ਹੈ ਅਤੇ ਪੰਜ ਮਣ ਦਾਣਾ ਖਾਂਦਾ ਹੈ।
ਉਹ ਚਿੱਥ-ਚੱਭ ਕੇ ਡਕਾਰ ਮਾਰਦਾ ਹੈ ਅਤੇ ਧੂੜ ਉਡਾਉਂਦਾ ਹੈ। ਬਾਅਦ ਵਿੱਚ ਇਹ ਵਡਮੁੱਲੇ ਸਵਾਸਾਂ ਦੀ ਪੂੰਜੀ ਬਰਬਾਦ ਕਰਨ ਕਾਰਨ ਪਛਤਾਉਂਦਾ ਹੈ।
ਆਪਣੇ ਹੀ ਫਰੇਬ ਵਿੱਚ ਅੰਨ੍ਹਾ ਹੋਇਆ ਮੂਰਖ਼ ਖ਼ਤਮ ਹੋ ਜਾਂਦਾ ਹੈ।
ਆਤਮ ਪੜਚੋਲ ਵਿੱਚ ਲੱਗੇ ਹੋਏ ਹਲੀਮ ਮਨੁੱਖ ਦੀ ਸ਼ਖ਼ਸੀਅਤ ਖ਼ੁਸ਼ਨਵਾ ਹੁੰਦੀ ਹੈ।
(ਰਾਗ ਮਲਾਰ, ਗੁਰੂ ਨਾਨਕ)

ਹਾਥੀ ਦਾ ਧਿਆਨ ਵੱਡੀ ਮਿਕਦਾਰ ਵਿੱਚ ਖਾਣ, ਜੁਗਾਲੀ ਕਰਨ ਅਤੇ ਧੂੜ ਉਡਾਉਣ ਵਿੱਚ ਲੱਗਿਆ ਰਹਿੰਦਾ ਹੈ ਅਤੇ ਉਹ ਸਮਾਂ ਬਰਬਾਦ ਕਰਦਾ ਹੈ। ਗੁਰੂ ਨਾਨਕ ਨੇ ਇਹ ਮਿਸਾਲੀਆ ਪੇਸ਼ ਕੀਤਾ ਕਿ ਇਸੇ ਤਰ੍ਹਾਂ ਹਉਮੈਂ ਦਾ ਭਰਿਆ ਮਨ ਬੇਸ਼ਕੀਮਤੀ ਸਮਾਂ ਜੁਗਾਲੀ ਵਿੱਚ ਬਰਬਾਦ ਕਰਦਾ ਹੈ ਅਤੇ ਆਪਣੇ-ਆਪ ਨਾਲ ਫਰੇਬ ਕਰਦਾ ਹੈ। ਉਨ੍ਹਾਂ ਨੇ ਫ਼ਰਮਾਇਆ ਕਿ ਦਿਲਕਸ਼ ਸ਼ਖ਼ਸੀਅਤ ਹਾਸਿਲ ਕਰਨ ਲਈ ਹਉਮੈਂ ਦੀ ਜੜ੍ਹ ਪੁੱਟਣੀ ਪੈਂਦੀ ਹੈ।

ਅਫ਼ਗਾਨਿਸਤਾਨ ਵਿੱਚ ਦਹਾਕਿਆਂ ਦੀ ਸਿਆਸੀ ਉਥਲ-ਪੁਥਲ ਸਮਾਜਿਕ-ਮਜ਼ਹਬੀ ਵੰਨ-ਸਵੰਨਤਾ ਉੱਤੇ ਅਸਰਅੰਦਾਜ਼ ਹੋਈ ਹੈ। ਨਾਨਕਪੰਥੀਆਂ ਦੀ ਬਰਾਦਰੀ ਅਫ਼ਗਾਨ ਤਹਿਜ਼ੀਬ ਦਾ ਅਨਿੱਖੜਵਾਂ ਹਿੱਸਾ ਸੀ ਜਿਸ ਵਿੱਚ ਹਿੰਦੂ ਅਤੇ ਸਿੱਖਾਂ ਦੀ ਰਲ਼ਵੀ ਨਾਨਕ ਨਾਮਲੇਵਾ ਸੰਗਤ ਸੀ। ਇਹ ਬਰਾਦਰੀ ਉੱਨੀ ਸੌ ਨੱਬੇ ਦੇ ਦਹਾਕੇ ਦੇ ਸ਼ੁਰੂ ਤੋਂ ਦੂਜੀਆਂ ਥਾਂਵਾਂ ਉੱਤੇ ਪਨਾਹ ਲੈਣ ਲਈ ਮਜਬੂਰ ਹੋਈ ਹੈ।

ਅਸੀਂ ਡਾ. ਰਘੂਨਾਥ ਦੇ ਘਰ ਜਾ ਰਹੇ ਹਾਂ ਜੋ ਗੁਰੂ ਨਾਨਕ ਦੇ ਪੱਕੇ ਪੈਰੋਕਾਰ ਹਨ। ਤਮਾਮ ਔਕੜਾਂ ਦੇ ਬਾਵਜੂਦ ਉਨ੍ਹਾਂ ਨੇ ਅਫ਼ਗਾਨਿਸਤਾਨ ਨਾ ਛੱਡ ਕੇ ਜਾਣ ਦਾ ਫ਼ੈਸਲਾ ਕੀਤਾ ਹੈ ਅਤੇ ਕੰਧਾਰ ਵਿੱਚ ਰਹਿਣ ਵਾਲੇ ਆਖ਼ਰੀ 'ਨਾਨਕਪੰਥੀ' ਹਨ।

**ਡਾ. ਰਘੂਨਾਥ:** ਕੰਧਾਰ ਦੇ ਸ਼ਹਿਰ ਦੀ ਸੰਗਤ ਵਿੱਚ ਬਹੁਤ ਪੜ੍ਹੇ-ਲਿਖੇ ਲੋਕ ਸਨ। ਇਸ ਸ਼ਹਿਰ ਦਾ ਮੈਂ ਇੱਕੋ ਡਾਕਟਰ ਹੀ ਇੱਥੇ ਰਹਿ ਗਿਆ ਹਾਂ। ਗੱਲ ਚਲਦੀ ਪਈ ਹੈ, ਸਾਡੇ ਕਲਗੀਧਰ ਬਾਬੇ ਨਾਨਕ ਦੀ। ਸਦਕੇ ਉਨ੍ਹਾਂ ਦੇ, ਸਦਕੇ ਉਨ੍ਹਾਂ ਦੇ ਵਿਚਾਰਾ ਦੇ। ਸਾਡੇ ਧਨਭਾਗ, ਸਾਡੇ ਬਜ਼ੁਰਗਾਂ ਦੇ, ਕੰਧਾਰ ਸ਼ਹਿਰ ਦੇ, ਜਦ ਉਨ੍ਹਾਂ ਦੇ ਕਦਮ ਇੱਥੇ ਪਏ। ਸਾਡੇ ਬਜ਼ੁਰਗਾਂ ਨੇ ਉਨ੍ਹਾਂ ਦੇ ਚਰਨਾਂ ਵਿੱਚ, ਉਨ੍ਹਾਂ ਦੇ ਮਤ ਧਾਰਰ ਕੀਤਾ। ਕੁਝ ਮੁਸਲਮਾਨ ਵੀ ਉਨ੍ਹਾਂ ਦੇ ਸੰਪਰਕ ਵਿੱਚ ਆ ਗਏ ਸਨ। ਬਾਬਾ ਵਲੀ ਆਖਦੇ ਹਨ, ਉੱਥੇ ਵੀ ਗਏ ਸੀ, ਜੀ। ਇਹ ਬਾਬੇ ਦਾ ਮਤ ਹੈ,

ਕਰਣੀ ਪਰਵਾਣ, ਕਯਾ ਹਿੰਦੂ, ਕਯਾ ਮੁਸਲਮਾਨ।

ਸਭ ਤੋਂ ਅਹਿਮ ਅਮਲ ਹਨ। ਇਹ ਬੇਮਾਅਨਾ ਹੈ ਕਿ ਤੁਸੀਂ ਹਿੰਦੂ ਹੋ ਜਾਂ ਮੁਸਲਮਾਨ?

ਇਸ ਵਤਨ ਦੇ ਸਿਆਸੀ ਹਾਲਾਤ ਨਾਲ ਮੁਕਾਮੀ ਲੋਕਾਂ ਉੱਤੇ ਪਏ ਕਸ਼ਟ ਦੇਖ ਕੇ ਮੈਨੂੰ ਗੁਰੂ ਨਾਨਕ ਦਾ ਸ਼ਬਦ ਯਾਦ ਆਇਆ ਹੈ।

ਸੰਸਾਰੁ ਰੋਗੀ ਨਾਮੁ ਦਾਰੂ ਮੈਲੁ ਲਾਗੈ ਸਚ ਬਿਨਾ॥
(ਰਾਗ ਧਨਾਸਰੀ, ਗੁਰੂ ਨਾਨਕ)

ਮਨ ਨੂੰ ਨਾਂਹ-ਪੱਖੀ ਸੋਚਾਂ ਦਾ ਰੋਗ ਲੱਗਿਆ ਹੈ। ਆਤਮ-ਪੜਚੋਲ ਹੀ ਦਾਰੂ ਹੈ। ਇਸ ਸੱਚ ਤੋਂ ਬਿਨਾਂ ਮਨੁੱਖ ਮੈਲ ਨਾਲ ਜੁੜਿਆ ਰਹਿੰਦਾ ਹੈ।
(ਰਾਗ ਧਨਾਸਰੀ, ਗੁਰੂ ਨਾਨਕ)

ਗੁਰੂ ਨਾਨਕ ਨੇ ਫ਼ਰਮਾਇਆ ਕਿ ਸੰਸਾਰ ਨਾਂਹ-ਪੱਖੀ ਸੋਚ ਦੇ ਰੋਗ ਕਾਰਨ ਦੁਖੀ ਹੈ। ਜਿਵੇਂ ਲੋਹਾ ਲੋਹੇ ਨੂੰ ਕੱਟਦਾ ਹੈ, ਉਸੇ ਤਰ੍ਹਾਂ ਆਤਮ-ਪੜਚੋਲ ਰੋਗ ਦੀ ਸ਼ਫ਼ਾ ਬਣ ਜਾਂਦੀ ਹੈ।

ਡਾ. ਰਘੂਨਾਥ ਸਾਨੂੰ ਗੁਰੂ ਨਾਨਕ ਦੀ ਯਾਦ ਵਿੱਚ ਬਣੇ ਅਸਥਾਨ ਉੱਤੇ ਲੈ ਗਏ ਜਿਸ ਦੀ ਸੇਵਾ-ਸੰਭਾਲ ਉਹ ਇਕੱਲੇ ਕਰਦੇ ਹਨ ਕਿਉਂਕਿ 'ਨਾਨਕਪੰਥੀ' ਬਰਾਦਰੀ ਇਸ ਮੁਲਕ ਤੋਂ ਹਿਜਰਤ ਕਰ ਗਈ ਹੈ।

**ਅਮਰਦੀਪ ਸਿੰਘ:** ਇਹ 'ਧਰਮਸ਼ਾਲ' ਕੰਧਾਰ ਵਿੱਚ ਸਭ ਤੋਂ ਪਹਿਲਾਂ ਬਣੀ ਸੀ। ਇਸ ਤੋਂ ਬਾਅਦ ਪੰਜ ਗੁਰਦਵਾਰੇ ਕੰਧਾਰ ਵਿੱਚ ਬਣੇ ਸਨ ਪਰ ਇਸ ਵੇਲੇ ਸਿਰਫ਼ ਇੱਕ ਹੀ ਖੁੱਲ੍ਹਦਾ ਹੈ।

**ਡਾ. ਰਘੂਨਾਥ:** ਇਹ ਗੁਰਦਵਾਰਾ, ਇਥੇ ਜੋ ਪਾਠ ਰਖੀ ਦਾ ਹਯਾ, ਅੱਠ ਦਿਨ ਇਨੀ ਕੰਗੜਾ ਬਨਦਯਾ, ਗੁਰਦਵਾਰੇ ਵਿਚੋ ਨਾ ਨਿਕਲ ਦਿਯਾ ਹੈ। ਇਥੇ ਪਾਠ ਹੁੰਦਾ ਹੈ। ਉਹ ਤਾਰੀਖ ਹੈ, ਗੁਜ਼ਰਦੀ ਹੈ, ਜ਼ਵਾਲ ਹੈ ਇਥੇ ਹੁੰਦੀ ਹੈ, ਜ਼ਵਾਲ ਹੋ ਗੱਯਾ ਹੈ, ਲੋਕ ਵੀ ਗਯੇ, ਲੋਕ ਵੀ ਵਿਛੜੇ। ਬੁਆ ਅੱਜ ਬੰਦ ਹੈ।

ਜਦੋਂ ਗੁਰੂ ਨਾਨਕ ਕੰਧਾਰ ਆਏ ਸਨ ਤਾਂ ਹੁਣ ਦੇ ਹਾਲਾਤ ਵਾਂਗ ਹੀ ਉਥਲ-ਪੁਥਲ ਦਾ ਦੌਰ ਸੀ ਕਿਉਂਕਿ ਮੁ਼ਗਲ ਬਾਦਸ਼ਾਹ ਬਾਬਰ ਦੇ ਹਮਲੇ ਹੋ ਰਹੇ ਸਨ। ਸੀਨਾ-ਬ-ਸੀਨਾ ਚਲੀ ਆਈ ਬਾਤ ਪੈਂਦੀ ਹੈ ਕਿ ਗੁਰੂ ਨਾਨਕ ਨੇ ਲੋਕਾਂ ਦੇ ਹਾਲਾਤ ਦੇਖ ਕੇ ਗਾਇਆ,

ਰਾਜੁ ਮਾਲੁ ਰੂਪੁ ਜਾਤਿ ਜੋਬਨੁ ਪੰਜੇ ਠਗ॥
ਏਨੀ ਠਗੀਂ ਜਗੁ ਠਗਿਆ ਕਿਨੈ ਨ ਰਖੀ ਲਜ॥
ਏਨਾ ਠਗਨ੍ਹਿ ਠਗ ਸੇ ਜਿ ਗੁਰ ਕੀ ਪੈਰੀ ਪਾਹਿ॥
ਨਾਨਕ ਕਰਮਾ ਬਾਹਰੇ ਹੋਰਿ ਕੇਤੇ ਮੁਠੇ ਜਾਹਿ॥
(ਰਾਗ ਮਲਾਰ, ਗੁਰੂ ਨਾਨਕ)

ਰਾਜ, ਮਾਲ, ਰੂਪ, ਜਾਤ ਅਤੇ ਜੋਬਨ ਪੰਜ ਠੱਗ ਹਨ।
ਇਨ੍ਹਾਂ ਠੱਗਾਂ ਨੇ ਦੁਨੀਆ ਠੱਗੀ ਹੈ। ਇਨ੍ਹਾਂ ਨੇ ਕਿਸੇ ਦਾ ਲਿਹਾਜ ਨਹੀਂ ਰੱਖਿਆ।
ਇਹ ਠੱਗ ਉਨ੍ਹਾਂ ਤੋਂ ਠੱਗੇ ਗਏ ਹਨ ਜਿਹੜੇ ਕਾਇਨਾਤੀ ਵਿਵੇਕ ਵਿੱਚ ਮਗ਼ਲੂਬ ਹਨ।
ਨਾਨਕ ਨੇ ਆਖਿਆ ਕਿ ਉਹ ਮਨੁੱਖ ਜਿਨ੍ਹਾਂ ਦੇ ਇਰਾਦੇ ਨੇਕ ਨਹੀਂ ਹਨ ਉਹ ਇਨ੍ਹਾਂ ਹੱਥੋਂ ਠੱਗੇ ਜਾਂਦੇ ਹਨ।
(ਰਾਗ ਮਲਾਰ, ਗੁਰੂ ਨਾਨਕ)

ਗੁਰੂ ਨਾਨਕ ਨੇ ਫ਼ਰਮਾਇਆ ਕਿ ਮਨੁੱਖਾ ਖੋਟ, ਰਾਜ, ਮਾਲ, ਰੂਪ ਅਤੇ ਸਮਾਜਿਕ ਰੁਤਬੇ ਦੀ ਲਾਲਸਾ ਨੇ ਕੁਦਰਤ ਦੀ ਕਿਰਤ ਠੱਗੀ ਹੈ।

ਇਹ ਮੌਜੂਦਾ ਦੌਰ ਦਾ ਸੱਚ ਹੈ ਕਿ ਸਦੀਆਂ ਪੁਰਾਣੀ 'ਮਹਾਨ ਖੇਡ' ਅਫ਼ਗ਼ਾਨਿਸਤਾਨ ਦੀ ਧਰਤੀ ਉੱਤੇ ਖੇਡੀ ਜਾ ਰਹੀ ਹੈ। ਇਹ ਭੂਰਣਨੀਤੀ ਅਤੇ ਸਮਾਜਿਕ-ਸਿਆਸੀ ਮੁਖ਼ਤਿਆਰੀ ਦੀ ਖੇਡ ਹੈ। ਨਤੀਜੇ ਵਜੋਂ ਜ਼ਿੰਦਗੀ ਅਤੇ ਤਹਿਜ਼ੀਬ ਦਾ ਖ਼ਰਾਬਾ ਹੋਇਆ ਹੈ।

ਕੰਧਾਰ ਤੋਂ ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਗ਼ਜ਼ਨੀ ਦਾ ਸਫ਼ਰ ਕੀਤਾ।

ਗੁਰੂ ਨਾਨਕ ਦੇ ਪਦਚਿੰਨ੍ਹਾਂ ਉੱਤੇ ਹੁਣ ਅਸੀਂ ਕੰਧਾਰ ਤੋਂ ਗ਼ਜ਼ਨੀ ਜਾ ਰਹੇ ਹਾਂ।

**ਅਮਰਦੀਪ ਸਿੰਘ:** ਗ਼ਜ਼ਨੀ ਦਾ ਮਾਅਨਾ ਰਤਨ ਹੈ। ਗ਼ਜ਼ਨੀ ਸ਼ਹਿਰ ਮਰਕਜ਼ੀ ਅਫ਼ਗ਼ਾਨਿਸਤਾਨ ਵਿੱਚ ਪੁਰਾਣੇ ਸੌਦਾਗਰੀ ਰਾਹਾਂ ਉੱਤੇ ਪੈਂਦਾ ਹੈ ਜਿਸ ਦੇ ਨਤੀਜੇ ਵਜੋਂ ਇੱਥੇ ਨਸਲੀ ਵੰਨ-ਸਵੰਨਤਾ ਵਾਲੀ ਆਬਾਦੀ ਹੈ। ਕੰਧਾਰ ਤੋਂ ਕਾਬੁਲ ਦੇ ਸਫ਼ਰ ਦੌਰਾਨ ਗੁਰੂ ਨਾਨਕ ਗ਼ਜ਼ਨੀ ਵਿੱਚੋਂ ਲੰਘੇ ਸਨ।

ਕੰਧਾਰ ਅਤੇ ਕਾਬੁਲ ਨੂੰ ਜੋੜਨ ਵਾਲਾ ਇਤਿਹਾਸਕ ਰਾਹ ਗ਼ਜ਼ਨੀ ਵਿੱਚੋਂ ਲੰਘਦਾ ਹੈ। ਪੁਰਾਣੇ 'ਜਨਮਸਾਖੀ' ਸਾਹਿਤ ਵਿੱਚ ਗੁਰੂ ਨਾਨਕ ਦਾ ਗ਼ਜ਼ਨੀ ਨਾਲ ਜੁੜਿਆ ਕੋਈ ਵਾਕਿਆ ਦਰਜ ਨਹੀਂ ਹੈ। ਕਈ ਪੜਚੋਲੀਆ ਅਧਿਐਨਾਂ ਅਤੇ ਇਤਿਹਾਸਕਾਰਾਂ ਦੀ ਰਾਇ ਹੈ ਕਿ ਗੁਰੂ ਨਾਨਕ ਨੂੰ ਕਾਬੁਲ ਪਹੁੰਚਣ ਲਈ ਇਸ ਸ਼ਹਿਰ ਵਿੱਚੋਂ ਲੰਘਣਾ ਪੈਣਾ ਸੀ।

ਅਸੀਂ ਭਾਈ ਨੰਦ ਲਾਲ ਗੋਯਾ ਦੀ ਯਾਦ ਵਿੱਚ ਬਣੇ ਗੁਰਦਵਾਰੇ ਜਾ ਰਹੇ ਹਾਂ ਜਿਹੜਾ ਸ਼ਹਿਰ ਦੇ ਵਿਚਕਾਰ ਹੈ।

**ਅਮਰਦੀਪ ਸਿੰਘ:** ਗੁਰੂ ਨਾਨਕ ਦੇ ਫ਼ਲਸਫ਼ੇ ਦਾ ਅਸਰ ਗ਼ਜ਼ਨੀ ਦੇ ਮੁਕਾਮੀ ਵਾਸੀਆਂ ਨੇ ਕਬੂਲ ਕੀਤਾ। ਇਸ ਵੇਲੇ ਗ਼ਜ਼ਨੀ ਵਿੱਚ ਚਾਰ ਗੁਰਦਵਾਰੇ ਹਨ। ਅਸੀਂ ਭਾਈ ਨੰਦ ਲਾਲ ਗੋਯਾ ਦੀ ਯਾਦ ਵਿੱਚ ਬਣੇ ਗੁਰਦਵਾਰੇ ਵਿੱਚ ਖੜ੍ਹੇ ਹਾਂ ਜਿਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਨਾਲ ਸਮਾਂ ਗੁਜ਼ਾਰਿਆ ਸੀ।

ਪਹਿਲਾਂ ਗ਼ਜ਼ਨੀ ਵਿੱਚ ਹਿੰਦੂ ਅਤੇ ਸਿੱਖ ਮਜ਼ਹਬਾਂ ਦੇ 'ਨਾਨਕਪੰਥੀਆਂ' ਦੀ ਚੋਖੀ ਆਬਾਦੀ ਹੁੰਦੀ ਸੀ ਜੋ ਸਿਆਸੀ ਬੇਵਿਸਾਹੀ ਕਾਰਨ ਅਫ਼ਗਾਨਿਸਤਾਨ ਤੋਂ ਹਿਜਰਤ ਕਰ ਗਈ ਹੈ। ਬਰਾਦਰੀ ਨੇ ਆਪਣੀ ਸੰਗਤ ਲਈ ਚਾਰ ਗੁਰਦਵਾਰੇ ਬਣਾਏ ਸਨ। ਮੌਜੂਦਾ ਦੌਰ ਵਿੱਚ ਨੰਦ ਲਾਲ ਗੋਯਾ ਵਾਲਾ ਗੁਰਦਵਾਰਾ ਹੀ ਨਿਗੂਣੀ ਜਿਹੀ ਬਰਾਦਰੀ ਲਈ ਖੁੱਲ੍ਹਦਾ ਹੈ।

ਇਨ੍ਹਾਂ ਸਾਰੇ ਅਸਥਾਨਾਂ ਦੇ ਬੰਦ ਹੋਣ ਦੇ ਬਾਵਜੂਦ ਇਨਾ ਦੀ ਸੇਵਾ-ਸੰਭਾਲ ਮੁਹਾਜਿਰ ਅਫ਼ਗਾਨੀ ਸਿੱਖਾਂ ਦੀ ਇਮਦਾਦ ਨਾਲ ਹੁੰਦੀ ਹੈ।

ਗ਼ਜ਼ਨੀ ਤੋਂ ਅਸੀਂ ਗੁਰੂ ਨਾਨਕ ਦੇ ਪਦਚਿੰਨ੍ਹਾਂ ਤੋਂ ਕੁਝ ਵਲ਼ ਪਾ ਕੇ ਇੱਕ ਦੂਰ-ਦੁਰਾਡੇ ਇਲਾਕੇ ਵਿੱਚ ਜਾ ਰਹੇ ਹਾਂ ਜਿੱਥੇ ਕਦੇ ਗੁਰੂ ਨਾਨਕ ਦੇ ਪੈਰੋਕਾਰ ਵਸਦੇ ਸਨ ਪਰ ਹੁਣ ਆਪਣੀ ਜੱਦੀ ਜ਼ਮੀਨ ਛੱਡ ਕੇ ਜਾ ਚੁੱਕੇ ਹਨ।

ਅਸੀਂ ਉੱਤਰ ਵਾਲੇ ਪਾਸੇ ਨੂੰ ਅਫ਼ਗਾਨਿਸਤਾਨ-ਪਾਕਿਸਤਾਨ ਸਰਹੱਦ ਦੇ ਨਾਲ-ਨਾਲ ਕੁਝ ਵਲ਼ ਪਾ ਕੇ ਖੋਸਤ ਨਾਮ ਦੇ ਕਸਬੇ ਵਿੱਚ ਜਾ ਰਹੇ ਹਾਂ।

**ਅਮਰਦੀਪ ਸਿੰਘ:** ਖੋਸਤ ਵਿੱਚ ਅਸੀਂ ਪ੍ਰੇਮ ਨਗਰ ਨਾਮ ਦੇ ਰਿਹਾਇਸ਼ੀ ਇਲਾਕੇ ਵਿੱਚ ਜਾ ਰਹੇ ਹਾਂ ਜਿੱਥੇ ਗੁਰੂ ਨਾਨਕ ਦੇ ਹਿੰਦੂ ਅਤੇ ਸਿੱਖ ਪੈਰੋਕਾਰਾਂ ਦੀ 'ਨਾਨਕਪੰਥੀ' ਬਰਾਦਰੀ ਘੁੱਗ ਵਸਦੀ ਸੀ।

ਖੋਸਤ ਵਿੱਚ 'ਨਾਨਕਪੰਥੀ' ਬਰਾਦਰੀ ਨੇ ਇਹ ਗੁਰਦਵਾਰਾ ਬਣਾਇਆ ਸੀ। ਅਫ਼ਗਾਨਿਸਤਾਨ ਦੀ ਸਿਆਸੀ ਉਥਲ-ਪੁਥਲ ਵਿੱਚ ਇਹ ਤਬਾਹ ਹੋ ਗਿਆ ਹੈ। ਖੋਸਤ ਵਿੱਚ ਰਹਿੰਦੇ ਚਾਰ-ਪੰਜ ਹਿੰਦੂ-ਸਿੱਖ ਪਰਿਵਾਰ ਇਸ ਤਬਾਹ ਹੋਏ ਗੁਰਦਵਾਰੇ ਦੀ ਚਾਰਦੀਵਾਰੀ ਅੰਦਰ ਇੱਕ ਕਮਰੇ ਵਿੱਚ ਇਬਾਦਤ ਦੇ ਸਾਂਝੇ ਅਸਥਾਨ ਦੀ ਸੇਵਾ-ਸੰਭਾਲ ਕਰਦੇ ਹਨ। ਇੱਥੇ ਗੁਰੂ ਗ੍ਰੰਥ ਸਾਹਿਬ ਪ੍ਰਕਾਸ਼ ਹਨ ਅਤੇ ਨਾਲ ਹੀ ਹਿੰਦੂ ਦੇਵੀ-ਦੇਵਤਿਆਂ ਦੀਆਂ ਮੂਰਤੀਆਂ ਹਨ ਅਤੇ ਕੰਧਾਂ ਉੱਤੇ ਨਕਾਸ਼ੀ ਹੈ 'ਓਮ ਹਰ ਸ਼੍ਰੀ ਨਾਥ'।

ਸਾਨੂ ਆਪਣੇ ਸਫ਼ਰ ਦੌਰਾਨ ਅਫ਼ਗਾਨਿਸਤਾਨ ਅਤੇ ਪਾਕਿਸਤਾਨ ਵਿੱਚ ਬਹੁਤ ਸਾਰੇ ਸਾਂਝੇ ਮਜ਼ਹਬੀ ਅਸਥਾਨ ਵੇਖਣ ਨੂੰ ਮਿਲੇ ਹਨ। ਇਹ ਸਿੰਧੂ ਪੱਟੀ ਦੇ ਮਜ਼ਹਬਾਂ ਦੀ ਸਾਂਝੀ ਬਣਤਰ ਵਾਲੀ ਸੋਚ ਨੂੰ ਉਘਾੜਦੇ ਹਨ ਜਿੱਥੇ ਕਦੀ ਗੁਰੂ ਨਾਨਕ ਦਾ ਫ਼ਲਸਫ਼ਾ ਧੁਰਾ ਬਣਿਆ ਸੀ। ਇਸ ਦਸਤੂਰ ਨੂੰ ਪਿਛਲੀ ਇੱਕ ਸਦੀ ਤੋਂ ਖੋਰਾ ਲਗ ਰਿਹਾ ਹੈ।

ਪ੍ਰੇਮ ਨਗਰ ਦੀ ਵਸਨੀਕ ਖਾਲਿਦਾ ਬੇਗ਼ਮ ਉਰਫ਼ ਪਦਮੇ ਅਫ਼ਗਾਨੀ ਮੁਸਲਮਾਨ ਬਜ਼ੁਰਗ ਹੈ ਜੋ ਲੋਹ-ਸ਼ਖ਼ਸ ਹੈ। ਇਹ ਗੁਰਦਵਾਰੇ ਦੀ ਰਾਖੀ ਕਰਦੀ ਹੈ ਤਾਂ ਜੋ ਇਸ ਉੱਤੇ ਕੋਈ ਕਬਜ਼ਾ ਨਾ ਕਰ ਲਵੇ।

**ਖਾਲਿਦਾ ਬੇਗ਼ਮ:** ਮੇਰਾ ਨਾਮ ਪਦਮੇ ਹੈ। ਮੇਰੇ ਪਿਤਾ ਦਾ ਨਾਮ ਸ਼ੇਰਜ਼ਾਦਾ ਹੈ। ਮੇਰਾ ਪਿੰਡ ਯਾਕੂਬੇ ਹੈ ਅਤੇ ਹੁਣ ਮੈਂ ਇਸ ਪਿੰਡ (ਪ੍ਰੇਮ ਨਗਰ) ਵਿੱਚ ਰਹਿੰਦੀ ਹਾਂ। ਗੁਰੂ ਨਾਨਕ ਨੇ ਮੰਗਾਲ ਦੇ ਪਹਾੜਾਂ ਵਿੱਚੋਂ ਕਾਬੁਲ ਅਤੇ ਪੇਸ਼ਾਵਰ ਦਾ ਸਫ਼ਰ ਕੀਤਾ। ਉਹ ਚਾਹੁੰਦੇ ਸਨ ਕਿ ਲੋਕ ਇਤਫ਼ਾਕ ਨਾਲ ਰਹਿਣ। ਉਨ੍ਹਾਂ ਦਾ ਸੁਨੇਹਾ ਬੇਇਤਫ਼ਾਕੀ ਨਹੀਂ ਸੀ। ਏਕਾ ਹੀ ਤਾਕਤ ਹੈ। ਏਕਾ ਹੀ ਉਨ੍ਹਾਂ ਦੀ ਲਾਲਸਾ ਸੀ। ਮੰਦੇਭਾਗੀਂ, ਹੁਣ ਸਭ ਕੋਈ ਇਧਰ-ਉਧਰ ਖਿੰਡ ਗਏ ਹਨ।

ਖਾਲਿਦਾ ਬੇਗ਼ਮ ਦਾ ਕਹਿਣਾ ਸੀ ਕਿ ਅਸੀਂ ਉਸ ਦੇ ਖ਼ਾਸ ਮਹਿਮਾਨ ਸਾਂ, ਉਸ ਦੇ ਮਹਿਬੂਬ ਗੁਰੂ ਨਾਨਕ ਦੇ ਪੈਰੋਕਾਰ।

ਖਾਲਿਦਾ ਬੇਗ਼ਮ ਦੀ ਖ਼ੂਬਸੂਰਤ ਸ਼ਖ਼ਸੀਅਤ ਵਿੱਚ ਜ਼ਨਾਨਾ ਨਰਮੀ ਅਤੇ ਮਰਦਾਨਾ ਧੜੱਲੇ ਦਾ ਸੁਮੇਲ ਸੀ। ਮੈਂ ਸੋਚ ਰਿਹਾ ਹਾਂ ਕਿ ਕਿਵੇਂ ਲਿੰਗ ਮੁਤਾਬਕ ਪਛਾਣ, ਪੱਖਪਾਤ, ਪਿਤਾ-ਪੁਰਖ਼ੀ ਕਦਰਾਂ ਅਤੇ ਔਰਤਾਂ ਖ਼ਿਲਾਫ਼ ਜ਼ੁਲਮ ਨੇ ਸਮਾਜ ਦੇ ਸਮਾਜਿਕ-ਤਹਿਜ਼ੀਬੀ ਤਵਾਜ਼ਨ ਨੂੰ ਹਿਲਾਇਆ ਅਤੇ ਭ੍ਰਿਸ਼ਟ ਕੀਤਾ ਹੈ। ਸਮਾਕ ਨੇਮਾਂ ਰਾਹੀਂ ਤਹਿ ਕੀਤੀਆਂ ਭੂਮਿਕਾਵਾਂ ਤੋਂ ਬਾਹਰ ਨਿਕਲ ਕੇ ਜਦੋਂ ਮਰਦ ਆਪਣੇ ਜ਼ਨਾਨਾ ਪੱਖਾਂ ਦਾ ਅਹਿਸਾਸ ਕਰਦੇ ਹਨ ਅਤੇ ਔਰਤਾਂ ਮਰਦਾਨਾ ਪੱਖਾਂ ਦਾ ਅਹਿਸਾਸ ਕਰਦੀਆਂ ਹਨ ਤਾਂ ਮਨੁੱਖ ਵਜੋਂ ਉਨ੍ਹਾਂ ਦੀਆਂ ਵਧੇਰੀਆਂ ਸਮਰੱਥਾ ਉਘੜ ਕੇ ਸਾਹਮਣੇ ਆਉਂਦੀਆਂ ਹਨ।

ਆਪੇ ਪੁਰਖੁ ਆਪੇ ਹੀ ਨਾਰੀ॥<br>
ਆਪੇ ਪਾਸਾ ਆਪੇ ਸਾਰੀ॥<br>
(ਰਾਗੁ ਮਾਰੂ, ਗੁਰੂ ਨਾਨਕ)

ਤੂੰ ਆਪੇ ਪੁਰਖ ਹੈਂਬਬਅਤੇ ਆਪੇ ਹੀ ਨਾਰੀ ਹੈਂ।<br>
ਤੂੰ ਆਪੇ ਹੀ ਪਾਸਾ ਹੈਂ ਅਤੇ ਆਪੇ ਹੀ ਸਾਰੀ ਵੀ ਹੈਂ।<br>
(ਰਾਗ ਮਾਰੂ, ਗੁਰੂ ਨਾਨਕ)

ਗੁਰੂ ਨਾਨਕ ਨੇ ਫ਼ਰਮਾਇਆ ਕਿ ਸਿਰਜਣਾ ਦੇ ਨੇਮ ਮੁਤਾਬਕ ਅਸੀਂ ਜ਼ਨਾਨਾ ਅਤੇ ਮਰਦਾਨਾ ਊਰਜਾਵਾਂ ਦਾ ਰਲ਼ੇਵਾ ਹਾਂ।

ਖੋਸਤ ਤੋਂ ਅਸੀਂ ਵਲ਼ ਪਾ ਕੇ ਗਰਦੇਜ਼ ਜਾ ਰਹੇ ਹਾਂ ਜੋ ਪਾਕਤੀਆ ਸੂਬੇ ਦੀ ਰਾਜਧਾਨੀ ਸੀ।

ਓ ਇਲਾਹੀ ਸੰਗੀਆ, ਮੈਂ ਆਸ ਕਰਦਾ ਹਾਂ ਕਿ ਮੈਂ ਤੇਰੀ ਮੁਹੱਬਤ ਵਿੱਚ ਪਾਗ਼ਲ ਨਾ ਹੋ ਜਾਂਵਾ।
ਓ ਇਲਾਹੀ ਸੰਗੀਆ, ਮੈਂ ਤੇਰੇ ਨਾਲ ਇਕਰਾਰ ਕਰਦਾ ਹਾਂ ਕਿ ਮੈਂ ਪਰਤਣ ਲਈ ਨਹੀਂ ਆਇਆ।

ਪੂਰਬੀ ਅਫ਼ਗਾਨਿਸਤਾਨ ਦੇ ਸੁਲੇਮਾਨ ਪਹਾੜਾਂ ਵਿੱਚ ਅਲਪਾਇਨ ਵਾਦੀ ਵਿੱਚ ਵਸੇ ਇਸ ਇਲਾਕੇ ਵਿੱਚ ਹਿੰਦੂ ਅਤੇ ਬੁੱਧ ਧਰਮ ਦੀ ਸ਼ਾਨਦਾਰ ਤਵਾਰੀਖ਼ ਹੈ ਅਤੇ ਹੁਣ ਇਹ ਇਸਲਾਮੀ ਹੈ।

'ਭਾਈ ਮਨੀ ਸਿੰਘ ਜਨਮਸਾਖੀ' ਵਿੱਚ ਦਰਜ ਹੈ ਕਿ ਇਰਾਨ ਦੇ ਮਸ਼ਹਦ ਦੀ ਇਮਾਮ ਰਜ਼ਾ ਦਰਗਾਹ ਵਿੱਚ ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਪੀਰ ਅਬਦੁਲ ਰਹਿਮਾਨ ਨਾਲ ਗੋਸ਼ਟਿ ਕੀਤਾ ਸੀ ਜੋ ਗਰਦੇਜ਼ ਸ਼ਹਿਰ ਤੋਂ ਜ਼ਿਆਰਤ ਲਈ ਗਏ ਸਨ।

ਓ ਇਲਾਹੀ ਸੰਗੀਆ, ਮੇਰਾ ਦੋਸਤ ਹਿੰਦੂ ਹੈ, ਅਤੇ ਮੈਂ ਮੁਸਲਮਾਨ ਹਾਂ।
ਓ ਇਲਾਹੀ ਸੰਗੀਆ, ਉਸ ਦੀ ਦੋਸਤੀ ਦੀ ਮੁਹੱਬਤ ਵਿੱਚ ਮੈਂ 'ਧਰਮਸ਼ਾਲ' ਦਾ ਝਾੜੂਬਰਦਾਰ ਹਾਂ ਜਿੱਥੇ ਉਹ ਇਬਾਦਤ ਕਰਦਾ ਹੈ।

**ਅਮਰਦੀਪ ਸਿੰਘ:** ਅਸੀਂ ਉਸ ਅਸਥਾਨ ਉੱਤੇ ਖੜ੍ਹੇ ਹਾਂ ਜਿੱਥੇ ਕਦੇ ਗਰਦੇਜ਼ ਦਾ ਗੁਰਦਵਾਰਾ ਹੁੰਦਾ ਸੀ। ਇਹ ਗੁਰਦਵਾਰਾ ਅਫ਼ਗਾਨਿਸਤਾਨ ਦੀ ਸਿਆਸੀ ਉਥਲ-ਪੁਥਲ ਵਿੱਚ ਤਬਾਹ ਹੋ ਗਿਆ। ਗਰਦੇਜ਼ ਦੀ 'ਨਾਨਕਪੰਥੀ' ਬਰਾਦਰੀ ਹੁਣ ਇਸ ਸ਼ਹਿਰ ਤੋਂ ਵਿਖਰ ਗਈ ਹੈ।

**ਇਕਰਮ-ਉਦ-ਦੀਨ:** ਮੇਰਾ ਨਾਮ ਇਕਰਮ-ਉਦ-ਦੀਨ ਹੈ। ਮੈਂ ਪਾਕਤੀਆ ਸੂਬੇ ਵਿੱਚ ਗਰਦੇਜ਼ ਦੇ ਬਾਜ਼ਾਰਿ-ਖ਼ੂਹਨਾ ਵਿੱਚ ਰਹਿੰਦਾ ਹਾਂ। ਇਸ ਵੇਲੇ ਜਿਵੇਂ ਤੁਸੀਂ ਦੇਖ ਰਹੇ ਹੋ ਮੈਂ ਉਸ ਜ਼ਮੀਨ ਉੱਤੇ ਖੜ੍ਹਾ ਹਾਂ ਜਿੱਥੇ ਕਦੇ 'ਧਰਮਸ਼ਾਲ' (ਗੁਰਦਵਾਰਾ) ਸੀ। ਤੀਹ-ਪੈਂਤੀ ਸਾਲ ਪਹਿਲਾਂ ਜਦੋਂ ਮੈਂ ਜਵਾਨ ਸੀ ਤਾਂ ਇਹ ਗੁਰਦਵਾਰਾ ਕਾਇਮ ਸੀ। ਅਸੀਂ ਗੁਰਦਵਾਰੇ ਜਾਂਦੇ ਸੀ ਅਤੇ ਆਪਣੇ ਸਿੱਖ ਅਤੇ ਹਿੰਦੂ ਦੋਸਤਾਂ ਦੇ ਘਰ ਜਾਂਦੇ ਸਾਂ। ਜਦੋਂ ਅਸੀਂ ਬੱਚੇ ਸਾਂ ਤਾਂ ਸਾਡਾ ਉਨ੍ਹਾਂ ਦੀ ਬਰਾਦਰੀ ਨਾਲ ਚੰਗਾ ਰਿਸ਼ਤਾ ਸੀ। ਅਸੀਂ ਉਨ੍ਹਾਂ ਦੇ ਮਜ਼ਹਬੀ ਸਮਾਗਮਾਂ ਵਿੱਚ ਸ਼ਮੂਲੀਅਤ ਕਰ ਕੇ ਖ਼ੁਸ਼ ਹੁੰਦੇ ਸਾਂ। ਮੰਦੇਭਾਗੀਂ ਇਹ ਗੁਰਦਵਾਰਾ ਤਬਾਹ ਹੋ ਗਿਆ ਹੈ ਅਤੇ ਬਰਾਦਰੀ ਇੱਥੋਂ ਚਲੀ ਗਈ ਹੈ। ਮੈਂ ਚਾਹੁੰਦਾ ਹਾਂ ਕਿ ਇਹ ਗੁਰਦਵਾਰਾ ਦੁਬਾਰਾ ਬਣ ਜਾਵੇ। ਮੈਨੂੰ ਬਹੁਤ ਖ਼ੁਸ਼ੀ ਹੋਵੇਗੀ।

ਇਕਰਮ-ਉਦ-ਦੀਨ ਸਾਨੂੰ ਉਸ ਅਸਥਾਨ ਉੱਤੇ ਲੈ ਗਏ ਜਿਸ ਨੂੰ ਮੁਕਾਮੀ ਲੋਕ ਗੁਰੂ ਨਾਨਕ ਨਾਲ ਜੋੜ ਕੇ ਵੇਖਦੇ ਹਨ।

**ਅਮਰਦੀਪ ਸਿੰਘ:** ਗਰਦੇਜ਼ ਦੇ ਗੁਰਦਵਾਰਾ ਦੇ ਲਾਗੇ ਇਹ ਪਾਣੀ ਦਾ ਝਰਨਾ ਹੈ ਜਿਸ ਨੂੰ 'ਚਸ਼ਮਾ ਮੇਰਾਬ' ਕਹਿੰਦੇ ਹਨ। ਮੁਕਾਮੀ ਲੋਕਾਂ ਦਾ ਮੰਨਣਾ ਹੈ ਕਿ ਗੁਰੂ ਨਾਨਕ ਇਸ ਅਸਥਾਨ ਉੱਤੇ ਆਏ ਸਨ।

ਹਾਲਾਂਕਿ, 'ਜਨਮਸਾਖੀ' ਗ੍ਰੰਥਾਂ ਵਿੱਚ ਗਰਦੇਜ਼ ਵਿੱਚ ਗੁਰੂ ਨਾਨਕ ਦੇ ਕਿਸੇ ਬਿਰਤਾਂਤ ਦਾ ਜ਼ਿਕਰ ਨਹੀਂ ਹੈ।

ਦੋ ਨਸਲਾਂ ਦੇ ਰੁੱਖ ਇੱਕ-ਦੂਜੇ ਦੇ ਲਾਗੇ ਲਗਾਉਣ ਨਾਲ ਇਹ ਇੱਕ-ਦੂਜੇ ਦੇ ਵਧਾਰੇ ਵਿੱਚ ਸਹਾਈ ਹੁੰਦੇ ਹਨ।

ਮਨੁੱਖ ਵੀ ਵੱਖਰੀ ਤਰ੍ਹਾਂ ਦੀ ਸੰਗਤ ਵਿੱਚ ਵਧਦਾ ਹੈ। ਇਕਰਮ-ਉਦ-ਦੀਨ ਦੀ ਆਪਣੇ ਸਿੱਖ ਅਤੇ ਹਿੰਦੂ ਭਾਈਚਾਰੇ ਲਈ ਤੜਫ਼ ਇਸ ਖ਼ਿਆਲ ਦੀ ਤਸਦੀਕ ਕਰਦੀ ਹੈ। ਸਮਾਜਿਕ ਵੰਡੀਆਂ ਸਾਡੀ ਨਵੀਂ ਪੀੜ੍ਹੀ ਨੂੰ ਅਨੇਕਤਾ ਵਿੱਚ ਏਕਤਾ ਵਾਲੀ ਖ਼ੁਸ਼ੀ ਤੋਂ ਵਾਂਝਾ ਕਰ ਰਹੀ ਹੈ।

ਹਉ ਜੀਵਾ ਗੁਣ ਸਾਰਿ ਅੰਤਰਿ ਤੂ ਵਸੈ॥
ਤੂੰ ਵਸਹਿ ਮਨ ਮਾਹਿ ਸਹਜੇ ਰਸਿ ਰਸੈ॥
(ਰਾਗ ਸੂਹੀ, ਗੁਰੂ ਨਾਨਕ)

ਮੈ ਨੇਕ ਗੁਣਾਂ ਨੂ ਨਿਵਾਜ ਕੇ ਜਿਉਂਦਾ ਹਾਂ, ਇਹਨਾਂ ਦਾ ਮੇਰੇ ਧੁਰ ਅੰਦਰ ਵਾਸਾ ਹੈ।
ਜਦੋਂ ਉਹ ਮੇਰੇ ਮਨ ਵਿੱਚ ਵਸ ਜਾਂਦੇ ਹਨ, ਸਹਿਜੇ ਹੀ ਮੈ ਉਹਨਾਂ ਦੇ ਰਸ ਵਿੱਚ ਰਸਿਆ ਜਾਂਦਾ ਹਾਂ।
(ਰਾਗ ਸੂਹੀ, ਗੁਰੂ ਨਾਨਕ)

ਗੁਰੂ ਨਾਨਕ ਨੇ ਫ਼ਰਮਾਇਆ ਕਿ ਜਦੋਂ ਮਨ ਵਹਿਦਤ ਵਿੱਚ ਰਸਦਾ ਹੈ ਤਾਂ ਉਹ ਖ਼ੁਸ਼ੀ ਵਿੱਚ ਖੀਵਾ ਹੋ ਜਾਂਦਾ ਹੈ।

ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਗ਼ਜ਼ਨੀ ਤੋਂ ਕਾਬੁਲ ਦਾ ਸਫ਼ਰ ਕੀਤਾ।

ਗੁਰੂ ਨਾਨਕ ਦੇ ਪਦਚਿੰਨ੍ਹਾਂ ਉੱਤੇ ਆਪਣੇ ਸਫ਼ਰ ਨੂੰ ਅੱਗੇ ਤੋਰਦੇ ਹੋਏ ਅਸੀਂ ਗ਼ਜ਼ਨੀ ਤੋਂ ਕਾਬੁਲ ਜਾ ਰਹੇ ਹਾਂ।

ਇਸਕ ਮੁਹਬਤਿ ਨਾਨਕਾ ਲੇਖਾ ਕਰਤੇ ਪਾਸਿ॥
ਹੁਕਮਿ ਰਜਾਈ ਸਾਖਤੀ ਦਰਗਹ ਸਚੁ ਕਬੂਲੁ॥
(ਗੁਰੂ ਨਾਨਕ)

ਨਾਨਕ ਆਖਦੇ ਹਨ ਕਿ ਇਸ਼ਕ-ਮੁਹੱਬਤ ਦਾ ਲੇਖਾ ਕਰਤੇ ਕੋਲ ਹੈ।
ਉਸ ਦੇ ਹੁਕਮ ਦੀ ਰਜ਼ਾ ਵਿੱਚ ਸਿਰਜਣਾ ਹੋਈ ਹੈ ਅਤੇ ਸੱਚ ਉਸ ਦੀ ਦਰਗਾਹ ਵਿੱਚ ਕਬੂਲ ਹੁੰਦਾ ਹੈ।
(ਗੁਰੂ ਨਾਨਕ)

**ਅਮਰਦੀਪ ਸਿੰਘ:** ਕਾਬੁਲ ਅਫ਼ਗਾਨਿਸਤਾਨ ਦੀ ਰਾਜਧਾਨੀ ਹੈ ਜੋ ਵਾਦੀ ਵਿੱਚ ਵੱਸਿਆ ਵਾਟੇ ਵਰਗਾ ਆਲਣਾ ਹੈ। ਵੱਖ-ਵੱਖ ਦੌਰ ਵਿੱਚ ਕਾਬੁਲ ਵੱਖ-ਵੱਖ ਮਜ਼ਹਬਾਂ ਅਤੇ ਤਹਿਜ਼ੀਬਾਂ ਦਾ ਘਰ ਰਿਹਾ ਹੈ ਜਿਨ੍ਹਾਂ ਵਿੱਚ ਬੋਧੀ,

ਹਿੰਦੂ, ਜ਼ੋਰਾਸ਼ਟਰਨ ਅਤੇ ਜੁਡਾਇਸਮ ਸ਼ਾਮਿਲ ਹਨ। ਹੁਣ ਕਾਬੁਲ ਬੁਨਿਆਦੀ ਤੌਰ ਉੱਤੇ ਇਸਲਾਮੀ ਸ਼ਹਿਰ ਹੈ।

ਇਤਿਹਾਸਕ ਪੱਖੋਂ ਕਾਬੁਲ ਵੈਦਿਕ ਤਹਿਜ਼ੀਬ ਦਾ ਮਰਕਜ਼ ਰਿਹਾ ਹੈ। ਗੁਰੂ ਨਾਨਕ ਅਤੇ ਭਾਈ ਮਰਦਾਨਾ ਦੇ ਫੇਰੇ ਦੌਰਾਨ ਅਫ਼ਗਾਨਿਤਾਨ ਬਾਬਰ ਦੇ ਕਬਜ਼ੇ ਵਿੱਚ ਆ ਗਿਆ ਸੀ ਜੋ ਮੁਗ਼ਲ ਸਾਮਰਾਜ ਦਾ ਬਾਨੀ ਸੀ।

ਕਾਬੁਲ ਵਿੱਚ ਆਸਾ ਮਾਈ ਪਹਾੜ ਵਿੱਚ ਪੁਰਾਤਨ ਮੰਦਿਰ ਹੈ ਜੋ ਹਿੰਦੂ ਦੇਵੀ 'ਆਸਾ ਮਾਈ' ਨੂੰ ਮਨਸੂਬ ਹੈ।

'ਆਸਾ' ਦਾ ਮਾਅਨਾ ਉਮੀਦ ਅਤੇ 'ਮਾਈ' ਨੂੰ ਮਾਂ ਹੈ। 'ਆਸਾ ਮਾਈ' ਮੰਦਿਰ ਵਿੱਚ ਸਦੀਆਂ ਤੋਂ ਉਮੀਦ ਦੀ ਦੇਵੀ ਦੀ ਉਪਾਸਨਾ ਹੁੰਦੀ ਸੀ ਅਤੇ ਸੰਗਤ ਜੁੜਦੀ ਸੀ; ਸ਼ਾਇਦ ਇਸੇ ਕਾਰਨ ਗੁਰੂ ਨਾਨਕ ਇਸ ਅਸਥਾਨ ਉੱਤੇ ਰੂਹਾਨੀਅਤ ਦੇ ਆਰਜ਼ੂਮੰਦਾਂ ਨਾਲ ਗੋਸ਼ਟਿ ਕਰਨ ਪਹੁੰਚੇ ਸਨ।

'ਭਾਈ ਮਨੀ ਸਿੰਘ ਜਨਮਸਾਖੀ' ਮੁਤਾਬਕ ਜ਼ਿਕਰ ਆਉਂਦਾ ਹੈ ਕਿ 'ਆਸਾ ਮਾਈ' ਪਹਾੜ ਨੂੰ ਜਾਂਦੇ ਹੋਏ ਗੁਰੂ ਨਾਨਕ ਨੂੰ ਕੁਝ ਸਾਧੂ ਮਿਲੇ ਸਨ। ਉਹ ਗੁਰੂ ਨਾਨਕ ਦਾ ਲਿਵਾਸ ਦੇਖ ਕੇ ਉਨ੍ਹਾਂ ਦੇ ਮਜ਼ਹਬੀ ਝੁਕਾਅ ਦੀ ਸ਼ਨਾਖ਼ਤ ਨਹੀਂ ਕਰ ਸਕੇ। ਹਿੰਦੂ ਸਾਧੂਆਂ ਨੇ ਗੁਰੂ ਨਾਨਕ ਨੂੰ ਇਸਲਾਮੀ ਹੁਕਮਰਾਨ ਦੇ ਇਲਾਕੇ ਵਿੱਚ ਹਿੰਦੂ ਅਸਥਾਨ ਦੀ ਜ਼ਿਆਰਤ ਕਰਨ ਖ਼ਿਲਾਫ਼ ਚੌਕਸ ਕੀਤਾ। ਮੁਸਲਮਾਨ ਫ਼ਕੀਰਾਂ ਨੇ ਉਨ੍ਹਾਂ ਨੂੰ ਗ਼ੈਰ-ਇਸਲਾਮੀ ਅਸਥਾਨ ਉੱਤੇ ਜਾਣ ਕਾਰਨ ਕਾਫ਼ਿਰ ਕਰਾਰ ਦਿੱਤਾ। ਇਸ ਦੇ ਜਵਾਬ ਵਿੱਚ ਗੁਰੂ ਨਾਨਕ ਨੇ ਗਾਇਨ ਕੀਤਾ,

ਬਾਬਾ ਅਲਹੁ ਅਗਮ ਅਪਾਰੁ॥
ਪਾਕੀ ਨਾਈ ਪਾਕ ਥਾਇ ਸਚਾ ਪਰਵਦਿਗਾਰੁ॥
ਥਾਵਾ ਨਾਵ ਨ ਜਾਣੀਅਹਿ ਨਾਵਾ ਕੇਵਡੁ ਨਾਉ॥
ਜਿਥੈ ਵਸੈ ਮੇਰਾ ਪਾਤਿਸਾਹੁ ਸੋ ਕੇਵਡੁ ਹੈ ਥਾਉ॥
ਅੰਬੜਿ ਕੋਇ ਨ ਸਕਈ ਹਉ ਕਿਸ ਨੋ ਪੁਛਣਿ ਜਾਉ॥
(ਸਿਰੀ ਰਾਗ, ਗੁਰੂ ਨਾਨਕ)

ਓ ਬਾਬਾ, ਅੱਲ੍ਹਾ (ਹਾਜ਼ਰਾ-ਹਜ਼ੂਰ) ਤਾਂ ਅਗਮ ਅਪਾਰ ਹੈ।
ਉਹ ਨਾਮ ਪਾਕ ਹੈ ਅਤੇ ਉਹ ਅਸਥਾਨ ਪਵਿੱਤਰ ਹੈ ਜਿੱਥੇ ਸੱਚ ਅਤੇ ਸ਼ਾਨ ਕਾਇਮ ਹੈ।
ਉਸ ਅਸਥਾਨ ਅਤੇ ਨਾਮ ਨੂੰ ਕੋਈ ਨਹੀਂ ਜਾਣਦਾ। ਇਨ੍ਹਾਂ ਸਾਰੇ ਨਾਮਾਂ ਵਿੱਚੋਂ ਸਭ ਤੋਂ ਵੱਡਾ ਨਾਮ ਕਿਸ ਦਾ ਹੈ?
ਜਿੱਥੇ ਮੇਰਾ ਹਾਜ਼ਰਾ-ਹਜ਼ੂਰ ਪਾਤਸ਼ਾਹ ਵਸਦਾ ਹੈ, ਉਹ ਵੱਡਾ ਅਸਥਾਨ ਕਿਹੜਾ ਹੈ?
ਉੱਥੇ ਕੋਈ ਨਹੀਂ ਪਹੁੰਚ ਸਕਦਾ। ਮੈਂ ਕਿਸ ਕੋਲ ਜਾ ਕੇ ਪੁੱਛਾਂ?
(ਸਿਰੀ ਰਾਗ, ਗੁਰੂ ਨਾਨਕ)

ਗੁਰੂ ਨਾਨਕ ਨੇ ਆਪਣੇ ਸ਼ਬਦ ਵਿੱਚ 'ਅੱਲ੍ਹਾ' ਸ਼ਬਦ ਦਾ ਇਸਤੇਮਾਲ ਕੀਤਾ ਜਿਸ ਦਾ ਅਰਬੀ ਵਿੱਚ ਮਾਅਨਾ ਹਾਜ਼ਰਾ-ਹਜ਼ੂਰ ਸਿਰਜਣਹਾਰ ਹੈ। ਉਨ੍ਹਾਂ ਬਿਆਨਿਆ ਦਿੱਤਾ ਕਿ ਅਸੀਂ ਮਨੁੱਖ ਸਿਰਜਣਹਾਰ ਨੂੰ ਵੱਖ-ਵੱਖ ਨਾਮਾਂ ਨਾਲ ਬੁਲਾਉਂਦੇ ਹਾਂ, ਵੱਖ-ਵੱਖ ਮਜ਼ਹਬਾਂ ਨਾਲ ਜੋੜਦੇ ਹਾਂ ਅਤੇ ਵੱਖ-ਵੱਖ ਅਸਥਾਨਾਂ ਉੱਤੇ ਉਸ ਦੀ ਅਕੀਦਤ ਕਰਦੇ ਹਾਂ ਪਰ ਉਹ ਹਾਜ਼ਰਾ-ਹਜ਼ੂਰ ਇੱਕੋ ਹੈ।

ਕੁਝ 'ਜਨਮਸਾਖੀ' ਕਲਾ ਕਿਰਤਾਂ ਵਿੱਚ ਗੁਰੂ ਨਾਨਕ ਅਤੇ ਭਾਈ ਮਰਦਾਨਾ ਨੂੰ ਕਾਬੁਲ ਵਿੱਚ ਮਾਨ ਚੰਦ ਨਾਮ ਦੇ ਮੁਕਾਮੀ ਮਹਿਮਾਨਨਿਵਾਜ਼ ਨਾਲ ਦਰਸਾਇਆ ਗਿਆ ਹੈ।

**ਅਮਰਦੀਪ ਸਿੰਘ:** ਗੁਰੂ ਨਾਨਕ ਨੇ ਕਾਬੁਲ ਆਣ ਤੋਂ ਬਾਅਦ ਬਹੁਤ ਸਾਰੇ ਅਫ਼ਗਾਨੀ ਮੂਲ ਦੇ ਲੋਕਾਂ ਨੇ ਉਨ੍ਹਾਂ ਦੇ ਫ਼ਲਸਫ਼ੇ ਨੂੰ ਮੰਨਣਾ ਸ਼ੁਰੂ ਕਰ ਦਿੱਤਾ ਜੋ 'ਧਰਮਸ਼ਾਲਾਂ', 'ਉਦਾਸੀਆਂ', 'ਨਾਨਕਪੰਥੀਆਂ' ਅਤੇ 'ਖ਼ਾਲਸਾ' ਸਿੱਖਾਂ ਰਾਹੀਂ ਫੈਲਦਾ ਗਿਆ।

ਅੰਦਾਜ਼ਾ ਇਹ ਹੈ ਕਿ ਸੰਨ ਉੱਨੀ ਸੌ ਬੰਨਵੇਂ ਵਿੱਚ ਅਫ਼ਗਾਨ ਖ਼ਾਨਾਜੰਗੀ ਸ਼ੁਰੂ ਹੋਣ ਵੇਲੇ 'ਨਾਨਕਪੰਥੀ' ਸੰਗਤ ਦੀ ਆਬਾਦੀ ਤਕਰੀਬਨ ਢਾਈ ਲੱਖ ਸੀ ਜਿਸ ਵਿੱਚ ਹਿੰਦੂ ਅਤੇ ਸਿੱਖ ਸ਼ਾਮਿਲ ਸਨ। ਇਸ ਵੇਲੇ ਇਹ ਆਬਾਦੀ ਇੱਕ ਹਜ਼ਾਰ ਤੋਂ ਘੱਟ ਹੈ। ਕਾਬੁਲ ਵਿੱਚੋਂ ਹਿਜਰਤ ਕਰਨ ਤੋਂ ਪਹਿਲਾਂ ਇਸ ਬਰਾਦਰੀ ਦੀ ਖ਼ੁਸ਼ਹਾਲੀ ਦਾ ਅੰਦਾਜ਼ਾ ਸ਼ਹਿਰ ਦੇ ਗੁਰਦਵਾਰਿਆਂ ਦੀਆਂ ਖਾਲੀ ਇਮਾਰਤਾਂ ਤੋਂ ਲਗਦਾ ਹੈ।

ਅਸੀਂ ਸ਼ੋਰ ਬਾਜ਼ਾਰ ਵਿੱਚ ਗੁਰਦਵਾਰਾ ਬਾਬਾ ਸ਼੍ਰੀ ਚੰਦ ਜਾ ਰਹੇ ਹਾਂ। ਇਹ ਮੰਨਿਆ ਜਾਂਦਾ ਹੈ ਕਿ ਗੁਰੂ ਨਾਨਕ ਦੇ ਕਾਬੁਲ ਆਉਣ ਦੀ ਯਾਦ ਵਿੱਚ ਬਣਿਆ ਇਹ ਪਹਿਲਾਂ ਅਸਥਾਨ ਹੈ।

ਇਹ ਬਾਬਾ ਅਲਮਸਤ ਨੇ ਬਣਾਇਆ ਸੀ ਜੋ ਗੁਰੂ ਨਾਨਕ ਦੇ ਫ਼ਲਸਫ਼ੇ ਦਾ ਪ੍ਰਚਾਰ ਕਰਨ ਵਾਲੇ 'ਉਦਾਸੀਨ' ਸਨ। ਕਾਹਨ ਸਿੰਘ ਨਾਭਾ ਦੇ 'ਮਹਾਨ ਕੋਸ਼' ਮੁਤਾਬਕ ਬਾਬਾ ਅਲਮਸਤ ਗੌਡ ਕਸ਼ਮੀਰੀ ਪਰਿਵਾਰ ਵਿੱਚ ਪੰਦਰ੍ਹਾਂ ਸੌ ਤਰਵੰਜਾ ਈਸਵੀ ਵਿੱਚ ਜਨਮੇ ਸਨ ਅਤੇ ਸੋਲ੍ਹਾਂ ਸੌ ਤਰਤਾਲੀ ਈਸਵੀ ਵਿੱਚ ਫੌਤ ਹੋਏ।

**ਅਮਰਦੀਪ ਸਿੰਘ:** ਕਾਬੁਲ ਸ਼ਹਿਰ ਦੇ ਵਿਚਕਾਰ ਸ਼ੋਰ ਬਾਜ਼ਾਰ ਵਿੱਚ ਇਹ ਅਸਥਾਨ 'ਉਦਾਸੀਨ' ਸਮਪ੍ਰਦਾਇ ਦੇ ਪੈਰੋਕਾਰਾਂ ਨੇ ਬਣਾਇਆ ਹੈ। ਇਸ ਅਸਥਾਨ ਉੱਤੇ ਗੁਰੂ ਨਾਨਕ, ਬਾਬਾ ਸ਼੍ਰੀ ਚੰਦ ਅਤੇ ਹਿੰਦੂ ਦੇਵੀਆਂ-ਦੇਵਤਿਆਂ ਨੂੰ ਥਾਂ ਦਿੱਤੀ ਗਈ ਹੈ। ਇਹ ਅਸਥਾਨ ਦੀ ਸੇਵਾ-ਸੰਭਾਲ ਕਾਬੁਲ ਵਿੱਚ ਰਹਿ ਰਹੇ ਗਿਣਤੀ ਦੇ ਸਿੱਖ ਅਤੇ 'ਨਾਨਕਪੰਥੀ' ਕਰਦੇ ਹਨ।

ਇਹ ਮੰਨਿਆ ਜਾਂਦਾ ਹੈ ਕਿ ਬਾਬਾ ਸ਼੍ਰੀ ਚੰਦ ਵੀ ਕਾਬੁਲ ਆਏ ਸਨ ਅਤੇ ਗੁਰੂ ਨਾਨਕ ਦੇ ਸੁਨੇਹੇ ਨੂੰ ਵਰਤਾਉਣ ਵਿੱਚ ਉਨ੍ਹਾਂ ਨੇ ਨਿਗਰ ਹਿੱਸਾ ਪਾਇਆ।

ਅਸੀਂ ਹੁਣ ਕਾਬੁਲ ਸ਼ਹਿਰ ਦੇ ਪਾਈਂ ਚੌਂਕ ਜਾ ਰਹੇ ਹਾਂ।

**ਅਮਰਦੀਪ ਸਿੰਘ:** ਪਾਈਂ ਚੌਂਕ ਦੀ ਇਸ ਕਾਰੋਬਾਰੀ ਇਮਾਰਤ ਵਾਲੀ ਥਾਂ ਉੱਤੇ ਗੁਰੂ ਨਾਨਕ ਦੇ ਕਾਬੁਲ ਆਉਣ ਦੀ ਯਾਦ ਵਿੱਚ ਸਭ ਤੋਂ ਪੁਰਾਣਾ ਗੁਰਦਵਾਰਾ ਹੁੰਦਾ ਸੀ। ਇਸ ਇਲਾਕੇ ਦੀ ਵਿਕਾਸ ਲਈ ਉਹ ਗੁਰਦਵਾਰਾ ਅਤੇ ਉਸ ਦੇ ਨਾਲ ਜੁੜਦੀ ਮਸਜਿਦ ਨੂੰ ਸਰਕਾਰ ਨੇ ਖ਼ਰੀਦ ਲਿਆ ਸੀ।

ਅਸੀਂ ਹੁਣ ਗੁਰਦਵਾਰਾ ਕਰਤੇ ਪਰਵਾਨ ਜਾ ਰਹੇ ਹਾਂ ਜੋ ਮੌਜੂਦਾ ਦੌਰ ਵਿੱਚ ਕਾਬੁਲ ਦੀ ਸਿੱਖ ਅਤੇ ਹਿੰਦੂ 'ਨਾਨਕਪੰਥੀ' ਸੰਗਤ ਦੇ ਜੁੜਨ ਵਾਲਾ ਮੁੱਖ ਅਸਥਾਨ ਹੈ।

(ਧਾਰਮਿਕ ਸੇਵਾ)

ਮੁਕਾਮੀ ਲੋਕ ਜ਼ਿਕਰ ਕਰਦੇ ਹਨ ਕਿ ਅਫ਼ਗ਼ਾਨਿਸਤਾਨ ਵਿੱਚ ਸੰਨ ਉੱਨੀ ਸੌ ਬੰਨਵੇਂ ਵਿੱਚ ਸਿਆਸੀ ਜ਼ਲਜ਼ਲਾ ਆਉਣ ਤੋਂ ਪਹਿਲਾਂ ਗੁਰੂ ਨਾਨਕ ਦੇ ਫ਼ਲਸਫ਼ੇ ਨੂੰ ਮੰਨਣ ਵਾਲੇ ਅਫ਼ਗ਼ਾਨੀ ਮੁਸਲਮਾਨ ਗੁਰਦਵਾਰਿਆਂ ਵਿੱਚ ਆਉਂਦੇ ਸਨ।

ਬਹੁਤ ਉਪਰਾਲਿਆਂ ਤੋਂ ਬਾਅਦ ਸਾਡਾ ਰਾਬਤਾ ਉਸਤਾਦ ਲਾਲੀ ਨਾਲ ਕਾਇਮ ਹੋਇਆ ਓਹ ਉਸਤਾਦ ਰਹੀਮ ਬਖ਼ਸ਼ ਦੀ ਜੱਦ ਵਿੱਚੋਂ ਹਨ ਜੋ 'ਗੁਰੂ ਗ੍ਰੰਥ ਸਾਹਿਬ' ਦੇ ਸ਼ਬਦ ਬਹੁਤ ਸ਼ਰਧਾ ਨਾਲ ਗਾਉਂਦੇ ਸਨ।

ਇਸਕ ਮੁਹਬਤਿ ਨਾਨਕਾ ਲੇਖਾ ਕਰਤੇ ਪਾਸਿ॥
ਹੁਕਮਿ ਰਜਾਈ ਸਾਖਤੀ ਦਰਗਹ ਸਚੁ ਕਬੂਲੁ॥
ਸਾਹਿਬੁ ਲੇਖਾ ਮੰਗਸੀ ਦੁਨੀਆ ਦੇਖਿ ਨ ਭੂਲੁ॥
ਦਿਲ ਦਰਵਾਨੀ ਜੋ ਕਰੇ ਦਰਵੇਸੀ ਦਿਲੁ ਰਾਸਿ॥
(ਗੁਰੂ ਨਾਨਕ)

ਨਾਨਕ ਨੇ ਆਖਿਆ ਕਰਤੇ ਕੋਲ ਇਸ਼ਕ-ਮੁਹੱਬਤ ਦਾ ਲੇਖਾ ਹੈ।
ਇਹ ਸਾਰੀ ਸਿਰਜਣਾ ਸਿਰਜਣਹਾਰ ਦੇ ਹੁਕਮ ਨਾਲ ਹੋਈ ਹੈ। ਉਸ ਦੀ ਦਰਗਾਹ ਵਿੱਚ ਸੱਚ ਕਬੂਲ ਹੁੰਦਾ ਹੈ।
ਚੇਤਨਾ ਨੇ ਤੇਰੇ ਕਰਮਾਂ ਦਾ ਲੇਖਾ ਮੰਗਣਾ ਹੈ। ਦੁਨੀਆਵੀ ਤਜਰਬੇ ਵਿੱਚ ਭਟਕ ਨਾ ਜਾਵੀਂ।
ਜੋ ਆਪਣੇ ਦਿਲ ਉੱਤੇ ਦਰਬਾਨ ਬਣ ਪਹਿਰਾ ਦਿੰਦੇ ਹਨ, ਉਨ੍ਹਾਂ ਦੇ ਦਿਲ ਵਿੱਚ ਦਰਵੇਸੀ ਵਸਦੀ ਹੈ।
ਨਾਨਕ ਨੇ ਆਖਿਆ ਕਰਤਾ ਕੋਲ ਇਸ਼ਕ-ਮੁਹੱਬਤ ਦਾ ਲੇਖਾ ਹੈ।
(ਗੁਰੂ ਨਾਨਕ)

**ਉਸਤਾਦ ਲਾਲੀ:** ਮੈਂ ਕਾਬੁਲ ਵਿੱਚ ਰਹਿੰਦਾ ਹਾਂ ਅਤੇ ਹਿੰਦੂ-ਸਿੱਖਾਂ ਦੇ ਇਲਾਕੇ ਵਿੱਚ ਵੱਡਾ ਹੋਇਆ ਹਾਂ। ਮੈਨੂੰ ਹਿੰਦੂ-ਸਿੱਖ ਬਰਾਦਰੀ ਦੀ ਰੂਹਾਨੀ ਮੌਸਿਕੀ ਪਸੰਦ ਸੀ। ਮੈਂ ਬਰਾਦਰੀ ਦੇ ਮੰਦਿਰਾਂ ਅਤੇ ਗੁਰਦਵਾਰਿਆਂ ਵਿੱਚ ਮੌਸਿਕੀ ਸਿਖਾਉਂਦਾ ਸਾਂ। ਮੈਂ ਬਾਬਾ ਨਾਨਕ ਸਾਹਿਬ ਦਾ ਸ਼ਬਦ ਸੁਣਾਉਂਦਾ ਹਾਂ ਜੋ ਮੈਨੂੰ ਯਾਦ ਹੈ।

ਕਲਿ ਪਰਵਾਣੁ ਕਤੇਬ ਕੁਰਾਣੁ॥

---

ਪੋਥੀ ਪੰਡਿਤ ਰਹੇ ਪੁਰਾਣ॥
ਨਾਨਕ ਨਾਉ ਭਇਆ ਰਹਮਾਣੁ॥
ਕਰਿ ਕਰਤਾ ਤੂ ਏਕੋ ਜਾਣੁ॥
(ਗੁਰੂ ਨਾਨਕ)

ਸੱਭਿਆਚਾਰਾਂ ਵਿੱਚ ਅਸਹਮਿਤੀ ਹੈ। ਕਈ ਕਤੇਬ ਅਤੇ ਕੁਰਾਨ ਵਿੱਚ ਆਸਥਾ ਰਖਦੇ ਹਨ।
ਕਈ ਵਿਦਵਾਨ ਪੁਰਾਣ ਨੂੰ ਪਾਕਿ ਮੰਨਦੇ ਹਨ।
ਨਾਨਕ ਨੇ ਆਖਿਆ ਕਿ ਜਦੋਂ ਮਨ ਵਿੱਚ ਰਹਿਮਦਿਲੀ ਦਾ ਵਾਸਾ ਹੁੰਦਾ ਹੈ
ਤਾਂ ਸਾਰੇ ਮਜ਼ਹਬ ਇੱਕੋ ਸਿਰਜਣਹਾਰ ਨੂੰ ਮੰਨਦੇ ਹਨ।
(ਗੁਰੂ ਨਾਨਕ)

ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਕਾਬੁਲ ਤੋਂ ਜਲਾਲਾਬਾਦ ਦਾ ਸਫ਼ਰ ਕੀਤਾ।

ਗੁਰੂ ਨਾਨਕ ਦੇ ਪਦਚਿੰਨ੍ਹਾਂ ਉੱਤੇ ਹੁਣ ਅਸੀਂ ਕਾਬੁਲ ਤੋਂ ਜਲਾਲਾਬਾਦ ਜਾ ਰਹੇ ਹਾਂ।

ਹਿੰਦੂਕੁਸ਼ ਪਹਾੜਾਂ ਦੇ ਦੱਖਣ ਵਾਲੇ ਪਾਸੇ ਪਠਾਰ ਵਿੱਚ ਜਲਾਲਾਬਾਦ ਕਾਬੁਲ ਅਤੇ ਕੁਨੇਰ ਨਦੀਆਂ ਦੇ ਸੰਗਮ ਉੱਤੇ ਵੱਸਿਆ ਹੈ। ਇਹ ਪੂਰਬੀ ਅਫ਼ਗਾਨਿਸਤਾਨ ਵਿੱਚ ਨਾਨਗਾਰਹਾਰ ਸੂਬੇ ਦੀ ਰਾਜਧਾਨੀ ਹੈ। ਇਹ ਖ਼ੈਬਰ ਦਰ੍ਹੇ ਵਿੱਚੋਂ ਜਰਨੈਲੀ ਸੜਕ ਰਾਹੀਂ ਤੋਰਖ਼ਾਮ ਸਰਹੱਦ ਤੋਂ ਪਾਕਿਸਤਾਨ ਨਾਲ ਲਗਦਾ ਹੈ। ਇਹ ਸਮਾਜਿਕ ਅਤੇ ਸੌਦਾਗਰੀ ਦੀ ਸਰਗਰਮੀ ਦਾ ਅਹਿਮ ਮਰਕਜ਼ ਹੈ। ਨਾਮੀ ਬੁੱਧ ਭਿਕਸ਼ੂ ਜ਼ੁਆਨ ਜ਼ੰਗ ਨੇ ਛੇ ਸੌ ਤੀਹ ਈਸਵੀ ਵਿੱਚ ਇਸ ਸ਼ਹਿਰ ਦਾ ਜ਼ਿਕਰ ਅਦੀਨਾਪੁਰ ਦੇ ਨਾਮ ਨਾਲ ਕੀਤਾ ਹੈ ਜੋ ਗਰੀਕੋ-ਬੋਧੀ ਤਹਿਜ਼ੀਬ ਦਾ ਮਰਕਜ਼ ਸੀ।

ਜਲਾਲਾਬਾਦ ਵਿੱਚ ਅਸੀਂ ਗੁਰੂ ਨਾਨਕ ਦਰਬਾਰ ਗੁਰਦਵਾਰਾ ਜਾ ਰਹੇ ਹਾਂ।

**ਅਮਰਦੀਪ ਸਿੰਘ:** ਜਲਾਲਾਬਾਦ ਪਹੁੰਚਣ ਤੋਂ ਬਾਅਦ ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਲੰਡਾ ਦਰਿਆ ਦੇ ਕਿਨਾਰੇ ਕਿਆਮ ਕੀਤਾ ਜਿਸ ਦਾ ਮੌਜੂਦਾ ਨਾਮ ਕਾਬੁਲ ਦਰਿਆ ਹੈ। ਹੁਣ ਇਸ ਦਰਿਆ ਦਾ ਵਹਿਣ ਬਦਲ ਗਿਆ ਹੈ। ਗੁਰੂ ਨਾਨਕ ਦੇ ਜਲਾਲਾਬਾਦ ਆਉਣ ਦੀ ਯਾਦ ਵਿੱਚ ਗੁਰੂ ਨਾਨਕ ਦਰਬਾਰ ਬਣਾਇਆ ਗਿਆ ਹੈ।

ਜਲਾਲਾਬਾਦ ਦੀ ਸਿੱਖ ਸੰਗਤ ਦੀ ਅਗਵਾਈ ਨਾਲ ਅਸੀਂ ਲਾਗੇ ਦੇ ਪਿੰਡ ਸੁਲਤਾਨਪੁਰ ਵਲ ਤੁਰੇ ਜਿੱਥੇ ਗੁਰੂ ਨਾਨਕ ਦੀ ਯਾਦ ਵਿੱਚ ਇੱਕ ਅਸਥਾਨ ਬਣਿਆ ਹੈ।

ਸੁਲਤਾਨਪੁਰ ਦੇ ਲਾਗੇ ਅਸੀਂ ਚਾਰਬਾਗ਼ ਪਿੰਡ ਵਿੱਚ ਪੀਰ ਰਤਨ ਨਾਥ ਦੀ ਦਰਗਾਹ ਉੱਤੇ ਰੁਕੇ।

ਪੀਰ ਰਤਨ ਨਾਥ ਦਾ ਸਮਾਂ ਗੁਰੂ ਨਾਨਕ ਤੋਂ ਪਹਿਲਾਂ ਹੈ। ਨੇਪਾਲ ਦੇ ਵਾਸੀ ਪੀਰ ਰਤਨ ਨਾਥ ਦਸਵੀਂ ਸਦੀ ਦੇ ਰੂਹਾਨੀ ਰਹਿਬਰ ਗੁਰੂ ਗੋਰਕ਼ਨਾਥ ਦੇ ਚੇਲੇ ਸਨ। ਹਿੰਦੂ ਉਨ੍ਹਾਂ ਨੂੰ ਰਤਨ ਨਾਥ ਅਤੇ ਮੁਸਲਮਾਨ ਉਨ੍ਹਾਂ ਨੂੰ ਹਾਜੀ ਰਤਨ ਬੁਲਾਉਂਦੇ ਹਨ। ਦੋਵਾਂ ਮਜ਼ਹਬਾਂ ਵਿੱਚ ਉਨ੍ਹਾਂ ਦੀ ਮਾਨਤਾ ਹੈ। ਦੋਵਾਂ ਬਰਾਦਰਿਆਂ ਨੇ ਮਿਲ ਕੇ ਅਫ਼ਗ਼ਾਨਿਸਤਾਨ ਵਿੱਚ ਉਨ੍ਹਾਂ ਦੀ ਅਕੀਦਤ ਵਿੱਚ 'ਨਾਥ ਜੋਗੀਆਂ' ਦੀ ਯਾਦਗਾਰ ਵਿੱਚ ਇਹ ਡੇਰਾ ਬਣਾਇਆ ਹੈ।

ਆਪਣੀ ਉਦਾਸੀਆਂ ਦੌਰਾਨ ਗੁਰੂ ਨਾਨਕ ਨੇ 'ਗੋਰਖਪੰਥੀ ਨਾਥ ਜੋਗੀਆਂ' ਨਾਲ ਵੱਖ-ਵੱਖ ਇਲਾਕਿਆਂ ਵਿੱਚ ਗੋਸ਼ਟਿ ਕੀਤਾ। ਦਿਲਚਸਪ ਹੈ ਕਿ ਅਜਿਹੀਆਂ ਕਈ ਥਾਂਵਾਂ ਉੱਤੇ ਗੁਰੂ ਨਾਨਕ ਦੀ ਯਾਦ ਵਿੱਚ ਬਣੇ ਅਸਥਾਨ 'ਨਾਥ ਜੋਗੀਆਂ' ਦੇ ਅਸਥਾਨ ਦੇ ਲਾਗੇ ਬਣੇ ਹਨ।

ਅਸੀਂ ਅੱਗੇ ਗੁਰੂ ਨਾਨਕ ਨੂੰ ਮਨਸੂਬ ਅਸਥਾਨ ਉੱਤੇ ਲਾਗੇ ਵਾਲੇ ਪਿੰਡ ਸੁਲਤਾਨਪੁਰ ਜਾ ਰਹੇ ਹਾਂ।

**ਅਮਰਦੀਪ ਸਿੰਘ:** ਜਲਾਲਾਬਾਦ ਦੇ ਬਾਹਰ-ਵਾਰ ਸੁਲਤਾਨਪੁਰ ਪਿੰਡ ਸੁਰਖ਼ ਰੋੜ ਉੱਤੇ ਹੈ। ਮੁਕਾਮੀ ਲੋਕਾਂ ਦਾ ਮੰਨਣਾ ਹੈ ਕਿ ਗੁਰੂ ਨਾਨਕ ਨੇ ਇਸ ਖੁਸ਼ਕ ਅਤੇ ਸੁੱਕੇ ਇਲਾਕੇ ਵਿੱਚ ਪਾਣੀ ਦਾ ਝਰਨਾ ਖੋਲ੍ਹਿਆ। ਮੁਕਾਮੀ ਲੋਕ ਇਸ ਨੂੰ 'ਚਸ਼ਮਾ ਸਾਹਿਬ' ਕਹਿੰਦੇ ਹਨ।

ਪੁਰਾਣੀਆਂ 'ਜਨਮਸਾਖੀਆਂ' ਵਿੱਚ ਇਸ ਝਰਨੇ ਦਾ ਜ਼ਿਕਰ ਨਹੀਂ ਆਉਂਦਾ।

ਸੀਨਾ-ਬ-ਸੀਨਾ ਚਲੀ ਆ ਰਹੀ ਰੀਤ ਵਿੱਚ ਕਈ ਮਾਰੂ ਇਲਾਕਿਆਂ ਵਿੱਚ ਝਰਨੇ ਖੋਲ੍ਹਣ ਦੀਆਂ ਕਹਾਣੀਆਂ ਅਕਸਰ ਗੁਰੂ ਨਾਨਕ ਨਾਲ ਜੋੜੀਆਂ ਗਈਆਂ ਹਨ। ਮੇਰੀ ਨਿਮਾਣੀ ਰਾਇ ਵਿੱਚ ਇਹ ਖੁਸ਼ਕ ਮਨਾਂ ਦੀ ਪਿਆਸ ਬੁਝਾਉਣ ਲਈ ਰੂਹਾਨੀ ਵਿਵੇਕ ਦੇ ਵਹਿਣ ਦੀ ਤਸ਼ਬੀਹੀ ਨੁਮਾਇੰਦਗੀ ਹੈ।

ਸਮਾਜ ਦਾ ਵਿਗਾਸ ਹੋਇਆ ਹੈ ਪਰ ਹਾਲੇ ਵਿੱਚ ਕਈ ਪੱਖਾਂ ਤੋਂ ਮਨਾਂ ਦੀ ਖੁਸ਼ਕੀ ਕਾਇਮ ਹੈ।

ਹੁਣ ਵੀ ਖੁਸ਼ਕ ਮਨ ਦੀ ਮਾਰ ਔਰਤ ਉੱਤੇ ਵਿਤਕਰੇ ਵਜੋਂ ਪੈਂਦੀ ਹੈ। ਗੁਰੂ ਨਾਨਕ ਨੇ ਸੋਲਵੀਂ ਸਦੀ ਦੌਰਾਨ ਇਸ ਸਮਾਜਿਕ ਔਗੁਣ ਖ਼ਿਲਾਫ਼ ਆਵਾਜ਼ ਬੁਲੰਦ ਕੀਤੀ ਅਤੇ ਚੇਤਨਾ ਦਾ ਪਸਾਰਾ ਕੀਤਾ।

ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ॥
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥
ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ॥
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥
(ਰਾਗੁ ਆਸਾ, ਗੁਰੂ ਨਾਨਕ)

ਔਰਤ ਨੇ ਮਰਦ ਜੰਮਿਆ ਹੈ। ਔਰਤ ਨੇ ਮਰਦ ਨਿੰਮਿਆ ਹੈ। ਮਰਦ ਔਰਤ ਨਾਲ ਮੰਗਿਆ-ਵਿਆਹਿਆ ਜਾਂਦਾ ਹੈ।
ਉਹ ਮਰਦ ਦੀ ਸੰਗੀ ਬਣਦੀ ਹੈ। ਔਰਤ ਰਾਹੀਂ ਅਗਲੀਆਂ ਪੀੜ੍ਹੀਆਂ ਜਨਮ ਲੈਂਦੀਆਂ ਹਨ।
ਜਦੋਂ ਔਰਤ ਮਰਦੀ ਹੈ ਤਾਂ ਮਰਦ ਦੂਜੀ ਔਰਤ ਭਾਲਦਾ ਹੈ। ਉਹ ਔਰਤ ਨਾਲ ਬੱਝਿਆ ਹੈ।
ਫਿਰ ਉਹ ਮੰਦੀ ਕਿਵੇਂ ਹੋਈ ਜਿਸ ਨੇ ਗੁਣੀ ਜਨਾਂ ਨੂੰ ਜਨਮ ਦਿੱਤਾ ਹੈ?
(ਰਾਗ ਆਸਾ, ਗੁਰੂ ਨਾਨਕ)

ਗੁਰੂ ਨਾਨਕ ਨੇ ਆਖਿਆ ਕਿ ਔਰਤਾਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਜਨਮ ਦਿੰਦੀਆਂ ਹਨ, ਗੁਣੀ ਮਨੁੱਖ ਪੈਦਾ ਕਰਦੀਆਂ ਹਨ, ਸਮਾਜ ਵਿੱਚ ਹਰ ਪੱਖੋਂ ਨਿੱਗਰ ਹਿੱਸਾ ਪਾਉਂਦੀਆਂ ਹਨ ਪਰ ਉਨ੍ਹਾਂ ਨਾਲ ਲਗਾਤਾਰ ਵਿਤਕਰਾ ਹੁੰਦਾ ਹੈ। ਸਮਾਜਿਕ ਮੁੱਦਿਆਂ ਉੱਤੇ ਗੁਰੂ ਨਾਨਕ ਦੀ ਸੋਚ ਆਪਣੇ ਦੌਰ ਤੋਂ ਬਹੁਤ ਅੱਗੇ ਸੀ। ਉਨ੍ਹਾਂ ਨੇ ਲਿੰਗ ਨਾਬਰਾਬਰੀ ਦੀ ਸਖ਼ਤ ਨਿਖੇਧੀ ਕੀਤੀ।

ਜਲਾਲਾਬਾਦ ਤੋਂ ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਕੁਰੱਮ ਇਲਾਕੇ ਰਾਹੀਂ ਸਫ਼ਰ ਕੀਤਾ। ਹੁਣ ਡੂਰੰਡ ਲਾਇਨ ਇਸ ਇਲਾਕੇ ਨੂੰ ਅਫ਼ਗ਼ਾਨਿਸਤਾਨ ਅਤੇ ਪਾਕਿਸਤਾਨ ਵਿੱਚ ਵੰਡਦੀ ਹੈ।

ਪੰਦਰਵੀਂ ਸਦੀ ਵਿੱਚ ਕਾਬੁਲ ਤੋਂ ਪੇਸ਼ਾਵਰ ਸਫ਼ਰ ਕਰਨ ਦਾ ਰਾਹ ਕੁਰੱਮ ਦਰ੍ਹੇ ਵਿੱਚੋਂ ਜਾਂਦਾ ਸੀ।

ਅਸੀਂ ਅਫ਼ਗ਼ਾਨਿਸਤਾਨ ਦੇ ਕੁਰੱਮ ਇਲਾਕੇ ਵਿੱਚ ਚਮਕਨੀ ਦੇ ਪਿੰਡ ਬਾਬੂ ਖੇਲ ਜਾ ਰਹੇ ਹਾਂ ਜਿੱਥੇ ਕੁਝ ਸਾਲ ਪਹਿਲਾਂ ਤੱਕ ਗੁਰੂ ਨਾਨਕ ਦੀ ਨਾਮਲੇਵਾ ਸੰਗਤ ਵੱਡੀ ਗਿਣਤੀ ਵਿੱਚ ਵਸਦੀ ਸੀ।

**ਅਮਰਦੀਪ ਸਿੰਘ:** ਅਸੀਂ ਅਫ਼ਗ਼ਾਨਿਸਤਾਨ ਵਿੱਚ ਪਾਕਿਸਤਾਨ ਦੀ ਸਰਹੱਦ ਤੋਂ ਕੁਝ ਦੂਰ ਬਾਬੂ ਖੇਲ ਵਿੱਚ ਹਾਂ।

ਭਾਈ ਮਰਦਾਨਾ ਦੇ ਪੂਰੇ ਹੋਣ ਬਾਰੇ ਦੋ ਬਿਰਤਾਂਤ ਪ੍ਰਚਲਤ ਹਨ। ਬਾਅਦ ਵਿੱਚ ਲਿਖੀ ਗਈ 'ਬਾਲਾ ਜਨਮਸਾਖੀ' ਮੁਤਾਬਕ ਭਾਈ ਮਰਦਾਨਾ ਨੇ ਆਖ਼ਰੀ ਸੁਆਸ ਕੁਰੱਮ ਇਲਾਕੇ ਵਿੱਚ ਲਏ। 'ਬਾਲਾ ਜਨਮਸਾਖੀ' ਦੀਆਂ ਕੁਝ ਜਿਲਦਾਂ ਵਿੱਚ ਦਰਜ ਕਲਾ ਕਿਰਤਾਂ ਦਰਸਾਉਂਦੀਆਂ ਹਨ ਕਿ ਭਾਈ ਮਰਦਾਨਾ ਦੀ ਦੇਹ ਅੰਗੀਠੇ ਵਿੱਚ ਰੱਖੀ ਗਈ। ਬਾਕੀ ਕਲਾ ਕਿਰਤਾਂ ਵਿੱਚ ਕਬਰ ਦਿਖਾਈ ਗਈ ਹੈ ਜਿਸ ਨਾਲ ਉਨ੍ਹਾਂ ਨੂੰ ਦਫ਼ਨ ਕੀਤੇ ਜਾਣ ਦਾ ਇਸ਼ਾਰਾ ਮਿਲਦਾ ਹੈ। ਪੁਰਾਣੀ 'ਜਨਮਸਾਖੀਆਂ' ਵਿੱਚ ਦਰਜ ਹੈ ਕਿ ਉਨ੍ਹਾਂ ਨੇ ਅੰਤਿਮ ਸਾਹ ਕਰਤਾਰਪੁਰ ਵਿੱਚ ਲਿਆ ਸੀ।

ਡਾ. ਕਿਰਪਾਲ ਸਿੰਘ ਦੀ ਕਿਤਾਬ ''ਜਨਮ ਸਾਖੀ ਪਰੰਪਰਾ' ਦਰਜ ਹੈ ਕਿ ਭਾਈ ਮਰਦਾਨਾ ਨੇ ਗੁਰੂ ਨਾਨਕ ਦੇ ਨਾਲ ਕਰਤਾਰਪੁਰ ਤਕ ਸਫ਼ਰ ਕੀਤਾ।ਅਸੀਂ ਇਸ ਬਿਰਤਾਂਤ ਮੁਤਾਬਕ ਅੱਗੇ ਵਧ ਰਹੇ ਹਾਂ।

**ਅਮਰਦੀਪ ਸਿੰਘ:** ਇਹ ਗੁਰਦਵਾਰਾ ਥੜਾ ਸਾਹਿਬ ਬਾਬੂ ਖੇਲ ਵਿੱਚ 'ਨਾਨਕਪੰਥੀ' ਬਰਾਦਰੀ ਨੇ ਗੁਰੂ ਨਾਨਕ ਦੇ ਇਸ ਇਲਾਕੇ ਵਿੱਚ ਆਉਣ ਦੀ ਯਾਦ ਵਿੱਚ ਬਣਾਇਆ ਸੀ। ਇਹ ਗੁਰੂ ਨਾਨਕ ਦੇ ਅਫ਼ਗ਼ਾਨਿਸਤਾਨ ਦੇ ਸਫ਼ਰ ਉੱਤੇ ਆਖ਼ਰੀ ਗੁਰਦਵਾਰਾ ਹੈ।

ਕੁਰੱਮ ਇਲਾਕੇ ਵਿੱਚ ਭਾਈ ਮਰਦਾਨਾ ਦੇ ਪੂਰੇ ਹੋ ਜਾਣ ਦੀ ਕੋਈ ਨਿਸ਼ਾਨੀ ਜਾਂ ਅਸਥਾਨ ਨਹੀਂ ਹੈ।

ਅਫ਼ਗ਼ਾਨਿਸਤਾਨ ਦੀ ਸਮੁੱਚੀ ਬਰਾਦਰੀ ਪੁਰਾਣੇ ਦੌਰ ਦੀਆਂ ਯਾਦਾਂ ਤਾਜ਼ਾ ਕਰਨ ਲਈ ਸਾਲ ਵਿੱਚ ਇੱਕ ਵਾਰ ਗੁਰਦਵਾਰਾ ਥੜ੍ਹਾ ਸਾਹਿਬ ਆਉਂਦੀ ਹੈ।

ਗੁਰੂ ਨਾਨਕ ਨੇ ਜ਼ਿਕਰ ਕੀਤਾ ਕਿ ਜ਼ਿੰਦਗੀ ਅਤੇ ਮੌਤ ਦੀ ਤੰਦ ਇੱਕ ਸਾਹ ਨਾਲ ਬੰਨ੍ਹੀ ਹੋਈ ਹੈ। ਮਨੁੱਖ ਅਣਜਾਣ ਹੈ ਕਿ ਕਿਹੜਾ ਸਾਹ ਆਖ਼ਰੀ ਹੋਵੇਗਾ,ਮਨੁੱਖ ਨੂੰ ਹਰ ਸਾਹ ਦੀ ਸਦਵਰਤੋਂ ਕਰਨ ਦਾ ਉਪਰਾਲਾ ਕਰਨਾ ਚਾਹੀਦਾ ਹੈ।

ਹਮ ਆਦਮੀ ਹਾਂ ਇਕ ਦਮੀ ਮੁਹਲਤਿ ਮੁਹਤੁ ਨ ਜਾਣਾ॥
ਨਾਨਕੁ ਬਿਨਵੈ ਤਿਸੈ ਸਰੇਵਹੁ ਜਾ ਕੇ ਜੀਅ ਪਰਾਣਾ॥
ਅੰਧੇ ਜੀਵਨਾ ਵੀਚਾਰਿ ਦੇਖਿ ਕੇਤੇ ਕੇ ਦਿਨਾ॥
(ਰਾਗ ਧਨਾਸਰੀ, ਗੁਰੂ ਨਾਨਕ)

ਅਸੀਂ ਤਾਂ ਦਮ ਦੀ ਮੁਹਲਤ ਵਾਲੇ ਇਨਸਾਨ ਹਾਂ। ਅਸੀਂ ਆਪਣੇ ਜਾਣ ਦਾ ਮੁਕੱਰਰ ਵਕਤ ਨਹੀਂ ਜਾਣਦੇ। ਨਾਨਕ ਨੇ ਆਖਿਆ ਕਿ ਕੁਦਰਤ ਦੀ ਇੱਛਾ ਉੱਤੇ ਛੱਡ ਦਿਓ ਸਾਡੀ ਰੂਹ ਅਤੇ ਦਮ ਉਸੇ ਦੀ ਅਮਾਨਤ ਹੈ। ਨਿਰੀਖਣ ਤੋ ਬਿਨਾ ਜ਼ਿੰਦਗੀ ਨਾ ਗੁਜ਼ਾਰੋ, ਧਿਆਨ ਅਤੇ ਵਿਚਾਰ ਕਰੋ। ਇਸ ਦਮ ਨੇ ਕਿੰਨੇ ਕੇ ਦਿਨ ਚਲਣਾ ਹੈ।
(ਰਾਗ ਧਨਾਸਰੀ, ਗੁਰੂ ਨਾਨਕ)

ਕੁਰੱਮ ਇਲਾਕੇ ਤੋਂ ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਪਾਰਾਚੀਨਾਰ ਦਾ ਸਫ਼ਰ ਕੀਤਾ।

ਅਸੀਂ ਹਵਾਈ ਸਫ਼ਰ ਕਰਦੇ ਹੋਏ ਅਫ਼ਗ਼ਾਨਿਸਤਾਨ ਤੋਂ ਪਾਕਿਸਤਾਨ ਜਾ ਰਹੇ ਹਾਂ ਅਤੇ ਗੁਰੂ ਨਾਨਕ ਦੇ ਪਦਚਿੰਨ੍ਹਾਂ ਉੱਤੇ ਆਪਣਾ ਸਫ਼ਰ ਕੁਰੱਮ ਇਲਾਕੇ ਦੇ ਪਾਰਾਚੀਨਾਰ ਤੋਂ ਅੱਗੇ ਤੋਰਾਂਗੇ।

ਪਾਰਾਚੀਨਾਰ ਦੀ ਵਾਦੀ ਪਾਕਿਸਤਾਨ ਵਿੱਚ ਅਫ਼ਗ਼ਾਨਿਸਤਾਨ ਦੀ ਸਰਹੱਦ ਦੇ ਲਾਗੇ ਹੈ। ਪਾਰਾਚੀਨਾਰ ਦਾ ਨਾਮ 'ਪਾਰਾ' ਤੋਂ ਪਿਆ ਹੈ ਜੋ ਇਸ ਵਾਦੀ ਦਾ ਇੱਕ ਕਬੀਲਾ ਹੈ ਅਤੇ 'ਚੀਨਾਰ' ਉਹ ਦਰੱਖ਼ਤ ਜੋ ਇਸ ਇਲਾਕੇ ਵਿੱਚ ਬਹੁਤ ਹੁੰਦਾ ਹੈ।

ਇਸ ਇਲਾਕੇ ਵਿੱਚ 'ਨਾਨਕਪੰਥੀ' ਸਿੱਖ ਅਤੇ ਹਿੰਦੂ ਆਬਾਦੀ ਦੀ ਗਿਣਤੀ ਉੱਨੀ ਸੌ ਸੰਤਾਲੀ ਦੀ ਵੰਡ ਤੋਂ ਬਾਅਦ ਬਹੁਤ ਘਟ ਗਈ ਹੈ। ਬਾਅਦ ਵਿੱਚ ਸਰਹੱਦੀ ਇਲਾਕੇ ਦੀ ਸਿਆਸੀ ਉਥਲ-ਪੁਥਲ ਨੇ ਬਰਾਦਰੀ ਨੂੰ

ਮਹਿਫ਼ੂਜ਼ ਥਾਂਵਾਂ ਉੱਤੇ ਜਾਣ ਲਈ ਮਜਬੂਰ ਕਰ ਦਿੱਤਾ। ਨਤੀਜੇ ਵਜੋਂ ਗੁਰੂ ਨਾਨਕ ਦੇ ਇਸ ਇਲਾਕੇ ਵਿੱਚ ਆਉਣ ਦੀ ਯਾਦ ਵਿੱਚ ਬਣੇ ਕਈ ਅਸਥਾਨ ਵੀਰਾਨ ਹੋ ਗਏ। ਮੌਜੂਦਾ ਦੌਰ ਵਿੱਚ ਸਾਲ ਵਿੱਚ ਕਈ ਮੌਕਿਆਂ ਉੱਤੇ ਖ਼ੈਬਰ ਪਖ਼ਤੂਨਖਵਾ ਇਲਾਕੇ ਦੇ ਗੁਰੂ ਨਾਨਕ ਦੇ ਸ਼ਰਧਾਲੂ ਪਾਰਾਚੀਨਾਰ ਵਿੱਚ ਮਜ਼ਹਬੀ ਸੇਵਾ ਕਰਨ ਆਉਂਦੇ ਹਨ।

ਪਾਰਾਚੀਨਾਰ ਵਿੱਚ ਅਸੀਂ ਪਹਿਲਾਂ ਮਾਲੀ ਖੇਲ ਨਾਮ ਦੇ ਪਿੰਡ ਜਾ ਰਹੇ ਹਾਂ।

**ਅਮਰਦੀਪ ਸਿੰਘ:** ਅਫ਼ਗਾਨਿਸਤਾਨ ਤੋਂ ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਕੁਰੱਮ ਦਰ੍ਰੇ ਰਾਹੀਂ ਪੇਸ਼ਾਵਰ ਦਾ ਸਫ਼ਰ ਕੀਤਾ। ਮਾਲੀ ਖੇਲ ਦਾ ਇਹ ਗੁਰਦਵਾਰਾ ਉਸ ਅਸਥਾਨ ਉੱਤੇ ਬਣਿਆ ਹੈ ਜਿੱਥੇ ਉਨ੍ਹਾਂ ਨੇ ਪਾਰਾਚੀਨਾਰ ਵਿੱਚ ਪਹਿਲਾ ਕਿਆਮ ਕੀਤਾ ਸੀ।

ਹੁਣ ਅਸੀਂ ਪਾਰਾਚੀਨਾਰ ਵਿੱਚ ਮਲਾਨਾ ਜਾ ਰਹੇ ਹਾਂ।

**ਅਮਰਦੀਪ ਸਿੰਘ:** ਪਾਰਾਚੀਨਾਰ ਦੀ ਘਾਟੀ ਵਿੱਚ ਮਾਲੀ ਖੇਲ ਤੋਂ ਗੁਰੂ ਨਾਨਕ ਅਤੇ ਭਾਈ ਮਰਦਾਨਾ ਮਲਾਨਾ ਪਹੁੰਚੇ। ਇਹ ਗੁਰਦਵਾਰਾ ਟੱਲਾ ਸਾਹਿਬ ਉਨ੍ਹਾਂ ਦੀ ਫੇਰੀ ਦੀ ਯਾਦ ਵਿੱਚ ਬਣਾਇਆ ਗਿਯਾ ਸੀ। ਇਹ ਗੁਰਦਵਾਰਾ ਘਾਟੀ ਵਿਚ ਪਹਾੜੀ ਦੀ ਚੋਟੀ ਤੇ ਹੈ ਜੋ ਅਫ਼ਗਾਨਿਸਤਾਨ ਦੀ ਸਰਹੱਦ ਨਾਲ ਤਿੰਨ ਪਾਸਇਆਂ ਤੋਂ ਘਿਰਿਆ ਹੋਇਆ ਹੈ।

ਪਾਰਾਚੀਨਾਰ ਤੋਂ ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਪੇਸ਼ਾਵਰ ਜਾਣ ਲਈ ਕੋਹਾਟ ਸ਼ਹਿਰ ਦੇ ਲਾਗੇ ਦੇ ਪਿੰਡ ਇਬਰਾਹਿਮਜ਼ੈਈ ਰਾਹੀਂ ਸਫ਼ਰ ਕੀਤਾ।

ਪਾਰਾਚੀਨਾਰ ਦੇ ਮਲਾਨਾ ਤੋਂ ਅਸੀਂ ਇਬਰਾਹਿਮਜ਼ਈ ਰੁਕੇ ਹਾਂ ਜਿੱਥੇ ਗੁਰੂ ਨਾਨਕ ਦੇ ਇਸ ਇਲਾਕੇ ਵਿੱਚ ਆਉਣ ਦੀ ਯਾਦ ਵਿੱਚ ਅਸਥਾਨ ਬਣਿਆ ਹੇ।

ਗੁਰੂ ਨਾਨਕ ਦੀ ਸ਼ਰਧਾਲੂ ਇਸ ਇਲਾਕੇ ਵਿੱਚ ਹੁਣ ਨਹੀਂ ਰਹਿੰਦੇ ਪਰ ਹਾਲੀਆ ਸਾਲਾਂ ਵਿੱਚ ਪੇਸ਼ਾਵਰ ਦੀ ਸਿੱਖ ਸੰਗਤ ਨੇ ਇਸ ਗੁਰਦਵਾਰੇ ਦੀ ਨਵੇਂ ਸਿਰੇ ਤੋਂ ਸੇਵਾ ਸੰਭਾਲ ਕੀਤੀ ਹੈ ਅਤੇ ਇਸ ਅਸਥਾਨ ਉੱਤੇ ਸਲਾਨਾ ਜੋੜ ਮੇਲਾ ਹੁੰਦਾ ਹੈ।

ਇਬਰਾਹਿਮਜ਼ਈ ਤੋਂ ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਪੇਸ਼ਾਵਰ ਦਾ ਸਫ਼ਰ ਕੀਤਾ।

ਗੁਰੂ ਨਾਨਕ ਦੇ ਪਦਚਿੰਨ੍ਹਾਂ ਉੱਤੇ ਹੁਣ ਅਸੀਂ ਇਬਰਾਹਿਮਜ਼ਈ ਤੋਂ ਪੇਸ਼ਾਵਰ ਵਾਦੀ ਜਾ ਰਹੇ ਹਾਂ।

ਪੇਸ਼ਾਵਰ ਪਾਕਿਸਤਾਨ ਦੇ ਸੂਬੇ ਖੈਬਰ ਪਖ਼ਤੂਨਖਵਾ ਦੀ ਰਾਜਧਾਨੀ ਹੈ। ਇਸ ਦੀ ਜ਼ਿਆਦਾਤਰ ਆਬਾਦੀ ਪਖ਼ਤੂਨ ਮੂਲ ਦੀ ਹੈ। ਗੁਰੂ ਨਾਨਕ ਦੇ ਦੌਰ ਵਿੱਚ ਇਸ ਸ਼ਹਿਰ ਦਾ ਨਾਮ ਪਾਰਾਸ਼ਾਵਰ ਸੀ। ਸੰਸਕ੍ਰਿਤ ਮੂਲ

ਦੇ ਇਸ ਲਫ਼ਜ਼ ਦਾ ਮਾਅਨਾ ਮਰਦਾਂ ਦਾ ਸ਼ਹਿਰ ਹੈ। ਬਾਦਸ਼ਾਹ ਅਕਬਰ ਦੇ ਸਮੇਂ ਵਿੱਚ ਇਸ ਦਾ ਨਾਮ ਬਦਲ ਕੇ ਪੇਸ਼ਾਵਰ ਕਰ ਦਿੱਤਾ ਗਿਆ। ਇਤਿਹਾਸ ਦੇ ਇੱਕ ਦੌਰ ਵਿੱਚ ਇਹ ਸ਼ਹਿਰ ਵੰਨ-ਸਵੰਨੇ ਅਤੇ ਅਮੀਰ ਤਹਿਜ਼ੀਬਾਂ ਦਾ ਬੂਹਾ ਰਿਹਾ ਹੈ। ਇਸ ਸ਼ਹਿਰ ਵਿੱਚ ਪੁਰਾਤਨ ਵਿਦਵਾਨ ਪਾਨੀਨੀ ਨੇ ਆਪਣੀ ਕਿਤਾਬ 'ਅਸਤਧਿਆਏ' ਲਿਖੀ ਜੋ ਆਧੁਨਿਕ ਬੋਲੀਆਂ ਦੇ ਭਾਸ਼ਾ-ਵਿਗਿਆਨ ਦੇ ਸਰੰਚਨਾਤਮਕ ਅਧਿਐਨ ਦੀ ਬੁਨਿਆਦ ਹੈ।

**ਹੁਮਾਯੂ ਅਖੁੰਡ:** ਜਦੋਂ ਬਾਬਰ ਇੱਧਰ ਆਇਆ ਸੀ। ਉਸੇ ਵਕਤ ਬਾਬਾ ਗੁਰੂ ਨਾਨਕ ਜੀ ਇਸ ਇਲਾਕੇ ਵਿੱਚ ਸਫ਼ਰ ਕਰ ਰਹੇ ਸਨ ਅਤੇ ਉਨ੍ਹਾਂ ਦਾ ਰੂਹਾਨੀ ਸਫ਼ਰ ਸੀ, ਉਹ ਹੱਕ ਦੀ ਤਲਾਸ਼ ਵਿੱਚ ਉਹ ਫਿਰ ਰਹੇ ਸਨ। ਉਸ ਜ਼ਮਾਨੇ ਵਿੱਚ ਪੇਸ਼ਾਵਰ ਮੁਕਤਲਿਫ਼ ਮਜ਼ਹਬਾਂ ਦਾ ਗੜ੍ਹ ਸਮਝਿਆ ਜਾਂਦਾ ਸੀ। ਉਸ ਜ਼ਮਾਨੇ ਵਿੱਚ ਇੱਧਰ ਮੁਸਲਮਾਨ ਸੀ ਪਰ ਇੰਨੀ ਤਾਦਾਦ ਨਹੀਂ ਸੀ ਕਿ ਇਸ ਨੂੰ ਖ਼ਾਲਿਸ ਮੁਸਲਮਾਨਾਂ ਦਾ ਸ਼ਹਿਰ ਕਿਹਾ ਜਾ ਸਕਦਾ ਹੋਵੇ।

ਅਸੀਂ ਪੇਸ਼ਾਵਰ ਦੇ ਅੰਦਰੂਨ ਸ਼ਹਿਰ ਵਿੱਚ ਗੋਰਖ਼ ਹਟਰੀ ਵਿਖੇ ਪੁਰਾਤਨ ਸ਼ਿਵ ਮੰਦਿਰ ਜਾ ਰਹੇ ਹਾਂ।

**ਅਮਰਦੀਪ ਸਿੰਘ:** ਗੋਰਖ਼ ਹਟਰੀ ਪੇਸ਼ਾਵਰ ਸ਼ਹਿਰ ਦੇ ਵਿਚਕਾਰ ਅਹਿਮ ਪੁਰਾਤਤਵ ਅਸਥਾਨ ਹੈ ਜਿਸ ਦੇ ਇਤਿਹਾਸ ਦੀਆਂ ਕਈ ਪਰਤਾਂ ਹਨ। ਕਦੇ ਇਹ ਅਹਿਮ ਬੋਧੀ ਮਰਕਜ਼ ਸੀ। ਮੰਨਿਆ ਜਾਂਦਾ ਹੈ ਕਿ ਗੌਤਮ ਬੁੱਧ ਨੇ ਇੱਥੇ ਪਿੱਪਲ ਦੇ ਸੌ ਫੁੱਟ ਦੇ ਦਰੱਖ਼ਤ ਹੇਠਾਂ ਧਿਆਨ ਕੀਤਾ ਸੀ।

ਬਾਦਸ਼ਾਹ ਬਾਬਰ ਦੀ ਸਵੈ-ਜੀਵਨੀ, 'ਬਾਬਰਨਾਮਾ' ਵਿੱਚ ਗੋਰਖ਼ ਹਟਰੀ ਦੀ ਚਿੱਤਰਾਂ ਰਾਹੀਂ ਪੇਸ਼ਕਾਰੀ ਹੋਈ ਹੈ। ਬਾਬਰ ਨੇ ਸੋਲਵੀਂ ਸਦੀ ਦੇ ਸ਼ੁਰੂ ਵਿੱਚ ਇਸ ਸ਼ਹਿਰ ਉੱਤੇ ਹਮਲਾ ਕੀਤਾ ਸੀ।

**ਅਮਰਦੀਪ ਸਿੰਘ:** ਗੁਰੂ ਨਾਨਕ ਦੇ ਦੌਰ ਵਿੱਚ ਪੇਸ਼ਾਵਰ ਵਿੱਚ ਗੋਰਖ਼ ਹਟਰੀ 'ਗੋਰਖ਼ ਪੰਥੀ ਜੋਗੀਆਂ' ਦੀ ਅਕੀਦਤ ਦਾ ਮਰਕਜ਼ ਸੀ ਅਤੇ ਉਨ੍ਹਾਂ ਦਾ ਇਸ ਇਲਾਕੇ ਵਿੱਚ ਚੋਖਾ ਅਸਰ ਸੀ। 'ਗੋਰਖ਼ ਪੰਥੀ ਜੋਗੀ' ਗੁਰੂ ਗੋਰਖ਼ ਨਾਥ ਦੇ ਪੈਰੋਕਾਰ ਸਨ ਜਿਨ੍ਹਾਂ ਦਾ ਅਸਰ ਨੇਪਾਲ, ਇੰਡੀਆ, ਪਾਕਿਸਤਾਨ ਅਤੇ ਅਫ਼ਗ਼ਾਨਿਸਤਾਨ ਤੱਕ ਸੀ। ਪੇਸ਼ਾਵਰ ਦਾ ਗੋਰਖ਼ ਹਟਰੀ ਕੇਂਦਰ ਉੱਤਰ-ਪੱਛਮੀ ਸਰਹੱਦੀ ਇਲਾਕੇ ਦਾ ਵੱਡਾ ਗੜ੍ਹ ਸੀ। ਗੁਰੂ ਨਾਨਕ ਅਤੇ ਭਾਈ ਮਰਦਾਨਾ ਵੀ ਇਸ ਅਸਥਾਨ ਉੱਤੇ ਆਏ ਸਨ।

ਗੁਰੂ ਨਾਨਕ ਅਤੇ ਭਾਈ ਮਰਦਾਨਾ ਗੋਰਖ਼ ਹਟਰੀ ਵਿੱਚ ਪਹੁੰਚੇ ਤਾਂ 'ਭੰਡਾਰਾ' ਵਰਤਾਇਆ ਜਾ ਰਿਹਾ ਸੀ। ਜਦੋਂ ਡੇਰੇ ਵਾਲਿਆਂ ਨੇ ਪ੍ਰਸ਼ਾਦਾ ਛਕ ਲਿਆ ਤਾਂ 'ਜੋਗੀਆਂ' ਨੇ ਗੁਰੂ ਨਾਨਕ ਨੂੰ ਪੁੱਛਿਆ ਕਿ ਉਹ ਗ੍ਰਹਿਸਤੀ ਹਨ ਜਾਂ ਜੋਗੀ ਹਨ। ਜਦੋਂ ਗੁਰੂ ਨਾਨਕ ਨੇ ਗ੍ਰਹਿਸਤੀ ਹੋਣ ਦਾ ਜੁਆਬ ਦਿੱਤਾ ਤਾਂ ਇੱਕ ਜੋਗੀ ਨੇ ਟਿੱਪਣੀ ਕੀਤੀ ਕਿ ਗ੍ਰਹਿਸਤ ਦੇ ਪਰਿਵਾਰਕ ਝੇੜਿਆਂ ਵਿੱਚ ਫਸਿਆ ਬੰਦਾ ਰੌਸ਼ਨਖ਼ਿਆਲੀ ਦੀ ਉਚਾਈ ਉੱਤੇ ਪਹੁੰਚਣ ਦੀ ਸਮਰੱਥਾ ਤੋਂ ਵਾਂਝਾ ਹੋ ਜਾਂਦਾ ਹੈ। ਉਨ੍ਹਾਂ ਦੀ ਹਾਲਤ ਨਸ਼ੇ ਵਿੱਚ ਧੁੱਤ ਮਨੁੱਖ ਵਰਗੀ ਹੈ ਜੋ ਮਨ ਇਕਾਗਰ ਨਹੀਂ ਕਰ ਸਕਦਾ। ਗੁਰੂ ਨਾਨਕ ਨੇ ਜੁਆਬ ਵਿੱਚ ਗਾਇਆ,

ਜਪਸਿ ਨਿਰੰਜਨੁ ਰਚਸਿ ਮਨਾ॥

ਕਾਹੇ ਬੋਲਹਿ ਜੋਗੀ ਕਪਟੁ ਘਨਾ॥
ਕਾਇਆ ਕਮਲੀ ਹੰਸੁ ਇਆਣਾ ਮੇਰੀ ਮੇਰੀ ਕਰਤ ਬਿਹਾਣੀਤਾ॥
ਪ੍ਰਣਵਤਿ ਨਾਨਕੁ ਨਾਗੀ ਦਾਝੈ ਫਿਰਿ ਪਾਛੈ ਪਛੁਤਾਣੀਤਾ॥
(ਰਾਗ ਗਉੜੀ ਚੇਤੀ, ਗੁਰੂ ਨਾਨਕ)

ਨਿਰੰਜਨ ਦੇ ਗੁਣਾਂ ਦਾ ਧਿਆਨ ਧਰੋ ਅਤੇ ਉਸੇ ਨੂੰ ਮਨ ਵਿੱਚ ਵਸਾਓ।
ਓ ਜੋਗੀ, ਤੂੰ ਕਪਟੀ ਬੋਲ ਕਿਉਂ ਬੋਲਦਾ ਹੈਂ?
ਕਾਇਆ ਕਮਲੀ ਅਤੇ ਮਨ ਨਿਆਣਾ ਹੈ।
ਹੰਕਾਰ ਅਤੇ ਹਉਮੈ ਵਿੱਚ ਜ਼ਿੰਦਗੀ ਅਜਾਈ ਜਾਂਦੀ ਹੈ।
ਨਾਨਕ ਨੇ ਆਖਿਆ ਕਿ ਜਦੋਂ ਦੇਹ ਦਾ ਸਸਕਾਰ ਹੋ ਜਾਂਦਾ ਹੈ
ਤਾਂ ਰੂਹ ਸੋਗ ਮਨਾਉਂਦੀ ਹੈ।
(ਰਾਗ ਗਉੜੀ ਚੇਤੀ, ਗੁਰੂ ਨਾਨਕ)

ਮਨ ਨੂੰ ਵਸ ਵਿੱਚ ਸਾਦਗੀ ਵਾਲੀ ਸਦਗੁਣੀ ਜ਼ਿੰਦਗੀ ਜਿਊਂਣ ਨਾਲ ਰੂਹਾਨੀਅਤ ਨਸੀਬ ਹੁੰਦੀ ਹੈ, ਆਪਣੇ-ਆਪ ਨੂੰ ਨਕਾਰ ਕੇ ਨਹੀਂ ਹੁੰਦੀ। ਗੁਰੂ ਨਾਨਕ ਨੇ ਫ਼ਰਮਾਇਆ ਕਿ ਜੋਗੀ ਸਮਾਜ ਤੋਂ ਬੇਲਾਗ ਰਹ ਸਕਦਾ ਹੈ ਪਰ ਫਿਰ ਵੀ ਮਾਣ ਅਤੇ ਹਉਮੈ ਵਾਲੀ ਜ਼ਿੰਦਗੀ ਵਿੱਚ ਫਸਿਆ ਹੋ ਸਕਦਾ ਹੈ। ਦੂਜੇ ਪਾਸੇ ਕੋਈ ਗ੍ਰਹਿਸਤੀ ਸਮਾਜਿਕ ਮਾਮਲਿਆਂ ਵਿੱਚ ਰਮਇਆ ਹੋਇਆ ਵੀ ਹਲੀਮ ਹੋ ਸਕਦਾ ਹੈ ਅਤੇ ਰੂਹਾਨੀ ਜ਼ਿੰਦਗੀ ਜੀ ਸਕਦਾ ਹੈ।

ਗੋਰਖ਼ ਹਟਰੀ ਵਿੱਚ ਗੁਰੂ ਨਾਨਕ ਦੇ ਕਿਆਮ ਦੌਰਾਨ ਕਿਸੇ ਜੋਗੀ ਨੇ ਪੁੱਛਿਆ ਕਿ ਉਹ ਬਾਹਰੀ ਭੇਸ ਅਤੇ ਸਿੱਧੀਆਂ ਦੀ ਕਦਰ ਕਿਉਂ ਨਹੀਂ ਕਰਦੇ। ਜੁਆਬ ਵਿੱਚ ਗੁਰੂ ਨਾਨਕ ਨੇ ਗਾਇਆ,

ਸਿਧ ਸਾਧਿਕ ਅਰੁ ਜੋਗੀ ਜੰਗਮ ਪੀਰ ਪੁਰਸ ਬਹੁਤੇਰੇ॥
ਜੇ ਤਿਨ ਮਿਲਾ ਤ ਕੀਰਤਿ ਆਖਾ ਤਾ ਮਨੁ ਸੇਵ ਕਰੇ॥
ਕਾਗਦੁ ਲੂਣੁ ਰਹੈ ਘ੍ਰਿਤ ਸੰਗੇ ਪਾਣੀ ਕਮਲੁ ਰਹੈ॥
ਐਸੇ ਭਗਤ ਮਿਲਹਿ ਜਨ ਨਾਨਕ ਤਿਨ ਜਮੁ ਕਿਆ ਕਰੈ॥
(ਰਾਗ ਰਾਮਕਲੀ, ਗੁਰੂ ਨਾਨਕ)

ਬਹੁਤ ਸਾਰੇ ਵੱਖ-ਵੱਖ ਸਿੱਧ, ਸਾਧਿਕ, ਜੋਗੀ, ਜੰਗਮ ਅਤੇ ਪੀਰ ਹਨ।
ਜੇ ਮੈਂ ਅਜਿਹੇ ਲੋਕਾਂ ਨੂੰ ਮਿਲਾਂ ਤਾਂ ਕਹਿ ਸਕਦਾ ਹਾਂ ਕਿ ਮੈਂ ਚੰਗੇ ਕਰਮ ਕੀਤੇ ਹਨ ਅਤੇ ਮੇਰੇ ਮਨ ਨੇ ਸੇਵਾ ਕੀਤੀ ਹੈ।
ਜੇ ਕਾਗ਼ਜ਼ ਅਤੇ ਲੂਣ ਨੂੰ ਘਿਓ ਲੱਗਿਆ ਹੋਵੇ ਤਾਂ ਪਾਣੀ ਇਸ ਨੂੰ ਛੂਹ ਨਹੀਂ ਸਕਦਾ ਜਿਵੇਂ ਕਮਲ ਦਾ ਫੁੱਲ ਪਾਣੀ ਤੋਂ ਅਛੋਹ ਰਹਿੰਦਾ ਹੈ।
ਨਾਨਕ ਨੇ ਆਖਿਆ ਕਿ ਜਿਹੜੇ ਅਜਿਹੇ ਲੋਕਾਂ ਨੂੰ ਮਿਲਦੇ ਹਨ, ਉਹ ਰੂਹਾਨੀ ਪੱਖੋਂ ਮਰ ਨਹੀਂ ਸਕਦੇ।
(ਰਾਗ ਰਾਮਕਲੀ, ਗੁਰੂ ਨਾਨਕ)

---

ਗੁਰੂ ਨਾਨਕ ਨੇ ਫ਼ਰਮਾਇਆ ਕਿ ਜੇ ਘਿਓ ਲੱਗਿਆ ਹੋਵੇ ਤਾਂ ਲੂਣ ਅਤੇ ਕਾਗ਼ਜ਼ ਵੱਖ ਰਹਿੰਦੇ ਹਨ। ਇਸੇ ਤਰ੍ਹਾਂ ਸੋਚ-ਵਿਚਾਰ ਵਿੱਚ ਰੂਹਾਨੀ ਆਰਜ਼ੂਮੰਦ ਬਾਹਰੀ ਲਿਵਾਸਾਂ ਅਤੇ ਸਿੱਧੀਆਂ ਤੋਂ ਨਿਰਲੇਪ ਰਹਿੰਦੇ ਹਨ। ਉਹ ਹਲੀਮੀ ਨਾਲ ਆਪਣੀ ਸਿਆਣਪ ਅਤੇ ਜਿਸਮਾਨੀ ਤਾਕਤ ਦਾ ਦਿਖਾਵਾ ਕਰਨ ਤੋਂ ਗੁਰੇਜ਼ ਕਰਦੇ ਹਨ ਕਿਉਂਕਿ ਪਿਆਰ ਹੀ ਤਾਕਤ ਦਾ ਅਸਲ ਇਜ਼ਹਾਰ ਹੈ।

ਪੇਸ਼ਾਵਰ ਤੋਂ ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਪੂਰਬ ਵਾਲੇ ਪਾਸੇ ਚਾਲੇ ਪਾਏ ਅਤੇ ਇੱਕ ਵਾਰ ਮੁੜ ਕੇ ਸੈਦਪੁਰ ਸ਼ਹਿਰ ਦਾ ਸਫ਼ਰ ਕੀਤਾ ਜਿਸ ਨੂੰ ਹੁਣ ਐਮਨਾਬਾਦ ਕਹਿੰਦੇ ਹਨ।

ਗੁਰੂ ਨਾਨਕ ਦੇ ਪਦਚਿੰਨ੍ਹਾਂ ਉੱਤੇ ਹੁਣ ਅਸੀਂ ਪੇਸ਼ਾਵਰ ਤੋਂ ਐਮਨਾਬਾਦ ਜਾ ਰਹੇ ਹਾਂ।

ਭਾਈ ਲਾਲੋ ਨਾਮ ਦੇ ਤਰਖਾਣ ਨੇ ਐਮਨਾਬਾਦ ਦੀ ਪਹਿਲੀ ਫੇਰੀ ਦੌਰਾਨ ਗੁਰੂ ਨਾਨਕ ਦੀ ਮਹਿਮਾਨਨਿਵਾਜ਼ੀ ਕੀਤੀ ਸੀ, ਉਨ੍ਹਾਂ ਨੇ ਮੁੜ ਕੇ ਗੁਰੂ ਨਾਨਕ ਦਾ ਸੁਆਗਤ ਕੀਤਾ।

ਗੁਰੂ ਨਾਨਕ ਦੀ ਦੂਜੀ ਫੇਰੀ ਦੌਰਾਨ ਐਮਨਾਬਾਦ ਸ਼ਹਿਰ ਤਬਾਹੀ ਵਾਲੀ ਹਾਲਤ ਵਿੱਚ ਸੀ। ਮਰਕਜ਼ੀ ਏਸ਼ੀਆ ਦਾ ਹਮਲਾਵਰ ਬਾਦਸ਼ਾਹ ਬਾਬਰ ਇੰਡੀਆ ਵਿੱਚ ਮੁਗ਼ਲ ਸਾਮਰਾਜ ਦਾ ਬਾਨੀ ਸੀ। ਉਸ ਨੇ ਅਫ਼ਗਾਨਿਸਤਾਨ ਉੱਤੇ ਕਬਜ਼ਾ ਕਰਨ ਤੋਂ ਬਾਅਦ ਪੰਜਾਬ ਉੱਤੇ ਹਮਲਾ ਕੀਤਾ। ਇਤਿਹਾਸ ਵਿੱਚ ਦਰਜ ਹੈ ਕਿ ਉਸ ਨੇ ਐਮਨਾਬਾਦ ਸ਼ਹਿਰ ਨੂੰ ਲੁੱਟਿਆ ਅਤੇ ਮੁਕਾਬਲਾ ਕਰਨ ਦੀ ਹਿੰਮਤ ਕਰਨ ਵਾਲੇ ਮੁਕਾਮੀ ਲੋਕਾਂ ਦਾ ਬੇਦਿਲੀ ਨਾਲ ਕਤਲੇ-ਆਮ ਕੀਤਾ। ਉਸ ਨੇ ਨਾ ਔਰਤਾਂ ਅਤੇ ਨਾ ਬੱਚਿਆਂ ਨੂੰ ਬਖ਼ਸ਼ਿਆ, ਨਾ ਹਿੰਦੂ ਅਤੇ ਨਾ ਮੁਸਲਮਾਨ ਨੂੰ ਛੱਡਿਆ। ਸਭ ਨੂੰ ਬੇਦਰਦੀ ਨਾਲ ਕੈਦ ਵਿੱਚ ਰੱਖਿਆ। ਬਾਬਰ ਆਪਣੀਆਂ ਯਾਦਾਂ 'ਬਾਬਰ-ਨਾਮਾ' ਵਿੱਚ ਇਜ਼ਹਾਰ ਕਰਦਾ ਹੈ ਕਿ ਸਿਆਲਕੋਟ ਦੇ ਲੋਕਾਂ ਨੂੰ ਬਖ਼ਸ਼ ਦਿੱਤਾ ਗਿਆ ਕਿਉਂਕਿ ਉਨ੍ਹਾਂ ਨੇ ਬਿਨਾਂ ਮੁਕਾਬਲਾ ਕੀਤੇ ਉਸ ਦੇ ਲਸ਼ਕਰ ਸਾਹਮਣੇ ਹਥਿਆਰ ਸੁੱਟ ਦਿੱਤੇ।

ਜਹਾਨਦਾਦ ਖ਼ਾਨ ਨੇ ਸਾਨੂੰ ਗੁਰਦਵਾਰਾ ਚੱਕੀ ਸਾਹਿਬ ਦਾ ਰਾਹ ਦਿਖਾਇਆ ਜੋ ਸੰਨ ਉੱਨੀ ਸੌ ਸੰਤਾਲੀ ਵਿੱਚ ਵੀਰਾਨ ਹੋ ਗਿਆ ਸੀ ਅਤੇ ਸੰਨ ਉੱਨੀ ਸੌ ਬੰਨਵੇਂ ਈਸਵੀ ਵਿੱਚ ਮੁੜ ਉਸਾਰਿਆ ਗਿਆ।

**ਜਹਾਨਦਾਦ ਖ਼ਾਨ:** ਅਸੀਂ ਚੱਕੀ ਸਾਹਿਬ ਗੁਰਦਵਾਰਾ ਵਿੱਚ ਹਾਂ ਅਤੇ ਇਹ ਉਹ ਅਸਥਾਨ ਹੈ ਜਿੱਥੇ ਮੁਗ਼ਲ ਬਾਦਸ਼ਾਹ ਬਾਬਰ ਨੇ ਪੰਜਾਬ ਉੱਤੇ ਹਮਲਾ ਕਰਨ ਵੇਲੇ ਗੁਰੂ ਨਾਨਕ ਨੂੰ ਕੈਦ ਕੀਤਾ ਸੀ। ਬਾਅਦ ਵਿੱਚ ਇਸ ਅਸਥਾਨ ਉੱਤੇ ਗੁਰਦਵਾਰਾ ਬਣਾਇਆ ਗਿਆ। ਅਸੀਂ ਇਸ ਵੇਲੇ ਉਸੇ ਅਸਥਾਨ ਉੱਤੇ ਹਾਂ। ਸਿੱਖ ਜਨਮਸਾਖੀ ਰਵਾਇਤ ਮੁਤਾਬਕ ਜਦੋਂ ਬਾਬਰ ਦੇ ਲਸ਼ਕਰ ਨੇ ਐਮਨਾਬਾਦ ਦੀ ਤਬਾਹੀ ਕੀਤੀ ਤਾਂ ਭਾਈ ਮਰਦਾਨਾ ਅਤੇ ਗੁਰੂ ਨਾਨਕ ਵੀ ਬੰਦੀਆਂ ਵਿੱਚ ਸ਼ਾਮਿਲ ਸਨ। ਗੁਰੂ ਨਾਨਕ ਨੇ ਉਸ ਹਮਲੇ ਦੀ ਤਬਾਹੀ ਬਾਰੇ ਚਾਰ ਸ਼ਬਦ ਲਿਖੇ ਜਿਸ ਨੂੰ 'ਬਾਬਰ ਬਾਣੀ' ਕਿਹਾ ਜਾਂਦਾ ਹੈ। ਉਨ੍ਹਾਂ ਨੇ ਬਹੁਤ ਗਹਿਰਾਈ ਨਾਲ ਲੁੱਟ ਵਰਤਣ ਦਾ ਬਿਆਨੀਆ ਪੇਸ਼ ਕੀਤਾ ਜਿਸ ਦੀ ਮਾਰ ਸਭ ਮਨੌਤਾਂ, ਜਾਤਾਂ ਅਤੇ ਮਜ਼ਹਬਾਂ ਦੇ ਲੋਕਾਂ ਨੂੰ ਪਈ ਸੀ। ਉਨ੍ਹਾਂ ਆਖਿਆ,

ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ॥
(ਗੁਰੂ ਨਾਨਕ)

ਬਾਬਰ ਨੇ ਆਪਣੀ ਫੌਜ ਦੇ ਨਾਲ ਧਾਵਾ ਬੋਲਿਆ ਹੈ। ਉਹ ਜਬਰ ਕਰ ਰਿਹਾ ਹੈ।
(ਗੁਰੂ ਨਾਨਕ)

'ਜਨਮਸਾਖੀ' ਕਲਾ ਕਿਰਤਾਂ ਵਿੱਚ ਮੁ਼ਗਲ ਬਾਦਸ਼ਾਹ ਬਾਬਰ ਦਾ ਹਮਲਾ ਅਤੇ ਉਸ ਦੀ ਜਿੱਤ ਦਰਸਾਈ ਗਈ ਹੈ। ਕੁਝ ਲੋਕਾਂ ਨੂੰ ਪਰੇਸ਼ਾਨ ਅਤੇ ਕੁਝ ਲੋਕਾਂ ਨੂੰ ਖ਼ੁਸ਼ ਦਿਖਾਇਆ ਗਿਆ ਹੈ। ਸਮਾਜ ਵਿੱਚ ਦੋ ਵੱਖ-ਵੱਖ ਤਰ੍ਹਾਂ ਦੇ ਜਜ਼ਬਾਤ ਦੇਖ ਕੇ ਗੁਰੂ ਨਾਨਕ ਨੇ ਗਾਇਆ,

ਆਪੇ ਕਰੇ ਕਰਾਏ ਕਰਤਾ ਕਿਸ ਨੋ ਆਖਿ ਸੁਣਾਈਐ॥
ਦੁਖੁ ਸੁਖੁ ਤੇਰੈ ਭਾਣੈ ਹੋਵੈ ਕਿਸ ਥੈ ਜਾਇ ਰੂਆਈਐ॥
ਹੁਕਮੀ ਹੁਕਮਿ ਚਲਾਏ ਵਿਗਸੈ ਨਾਨਕ ਲਿਖਿਆ ਪਾਈਐ॥
(ਰਾਗ ਆਸਾ, ਗੁਰੂ ਨਾਨਕ)

ਕਰਤਾ ਆਪ ਕਰਮ ਕਰਦਾ ਅਤੇ ਕਰਵਾਉਂਦਾ ਹੈ। ਸ਼ਿਕਾਇਤ ਕਿਸ ਨੂੰ ਕਰੀਏ?
ਦੁੱਖ ਅਤੇ ਸੁੱਖ ਤਾਂ ਕੁਦਰਤ ਦਾ ਭਾਣਾ ਹੈ। ਇਨਸਾਨ ਕਿਸ ਅੱਗੇ ਜਾ ਕੇ ਰੋਵੇ।
ਕਾਇਨਾਤੀ ਹੁਕਮ ਆਪਣੀ ਰਜ਼ਾ ਨਾਲ ਚਲਦਾ ਹੈ। ਨਾਨਕ ਨੇ ਆਖਿਆ ਕਿ ਹਰ ਕਿਸੇ ਨੇ ਆਪਣਾ ਲਿਖਿਆ ਭੋਗਣਾ ਹੈ।
(ਰਾਗ ਆਸਾ, ਗੁਰੂ ਨਾਨਕ)

ਗੁਰੂ ਨਾਨਕ ਨੇ ਫ਼ਰਮਾਇਆ ਕਿ ਦੁੱਖ ਅਤੇ ਸੁੱਖ ਤਾਂ ਕੁਦਰਤ ਦੇ ਨੇਮ ਹਨ ਜੋ ਹਾਜ਼ਰਾ-ਹਜ਼ੂਰ ਕਰਤਾ ਦੇ ਹੁਕਮ ਮੁਤਾਬਕ ਪੈਂਦੇ ਹਨ।

ਐਮਨਾਬਾਦ ਤੋਂ ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਤਲਵੰਡੀ ਦਾ ਸਫ਼ਰ ਕੀਤਾ ਜਿਸ ਨੂੰ ਹੁਣ ਨਨਕਾਣਾ ਸਾਹਿਬ ਕਹਿੰਦੇ ਹਨ।

ਗੁਰੂ ਨਾਨਕ ਦੇ ਪਦਚਿੰਨ੍ਹਾਂ ਉੱਤੇ ਹੁਣ ਅਸੀਂ ਐਮਨਾਬਾਦ ਤੋਂ ਨਨਕਾਣਾ ਸਾਹਿਬ ਜਾ ਰਹੇ ਹਾਂ।

ਗੁਰੂ ਨਾਨਕ ਅਤੇ ਭਾਈ ਮਰਦਾਨਾ ਤਕਰੀਬਨ ਚਾਰ ਸਾਲ ਦਾ ਸਫ਼ਰ ਕਰਨ ਤੋਂ ਬਾਅਦ ਤਲਵੰਡੀ ਪਰਤ ਰਹੇ ਸਨ।

ਗੁਰੂ ਨਾਨਕ ਦੀ ਤੀਜੀ ਉਦਾਸੀ ਪੱਛਮ ਵਾਲੇ ਪਾਸੇ ਨੂੰ ਪੰਦਰ੍ਹਾਂ ਸੌ ਵੀਹ ਵਿੱਚ ਸ਼ੁਰੂ ਹੋਈ ਅਤੇ ਅੰਦਾਜ਼ਾ ਹੈ ਕਿ ਇਹ ਪੰਦਰ੍ਹਾਂ ਸੌ ਚੌਬੀ ਵਿੱਚ ਖ਼ਤਮ ਹੋਈ ਜਦੋਂ ਗੁਰੂ ਨਾਨਕ ਦੀ ਉਮਰ ਪਚਵੰਜਾ ਸਾਲ ਸੀ।

ਮੈਂ ਅਕਸਰ ਸੋਚਦਾ ਹਾਂ ਕਿ ਗੁਰੂ ਨਾਨਕ ਦੀਆਂ ਉਦਾਸੀਆਂ ਵਿੱਚ ਕਿਹੜੇ ਪਲ ਅਹਿਮ ਹੋਣਗੇ। ਪੰਜਾਬੀ ਵਿੱਚ ਅੰਮ੍ਰਿਤ ਵੇਲਾ ਦੋ ਅਹਿਮ ਸ਼ਬਦਾਂ ਦੇ ਜੋੜ ਨਾਲ ਬਣਦਾ ਇਜ਼ਹਾਰ ਹੈ। '**ਅੰਮ੍ਰਿਤ**' ਦਾ ਭਾਵ ਉਹ ਸੋਮਾ ਜੋ ਇਨਸਾਨ ਨੂੰ ਅਮਰ ਕਰ ਦਿੰਦਾ ਹੈ ਅਤੇ ਵੇਲਾ ਦਾ ਮਾਇਨਾ ਸਮਾਂ ਹੈ। ਗੁਰੂ ਨਾਨਕ ਨੇ ਆਖਿਆ ਕਿ ਜਦੋਂ ਉੱਚੀਆਂ ਸੋਚਾਂ ਵੱਲ ਮਨ ਦਾ ਧਿਆਨ ਜਾਂਦਾ ਹੈ ਤਾਂ ਉਹ ਪਲ ਅੰਮ੍ਰਿਤ ਵੇਲਾ ਹੁੰਦਾ ਹੈ।

ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ॥
(ਜਪ, ਗੁਰੂ ਨਾਨਕ)

ਉਹ ਪਲ ਅੰਮ੍ਰਿਤ ਵੇਲਾ ਹੋ ਜਾਂਦਾ ਹੈ ਜਦੋਂ ਸੱਚ ਅਤੇ ਉਸਾਰੂ ਸੋਚਾਂ ਬਾਰੇ ਵਿਚਾਰ ਹੁੰਦਾ ਹੈ।
(ਜਪੁ, ਗੁਰੂ ਨਾਨਕ)

# ਚਰਚਾ ਲਈ ਕੁਝ ਨੁਕਤੇ

## ਸੈਨਤ, ਗੁਰੂ ਨਾਨਕ ਦੇ ਪੈਂਡਿਆਂ ਦੀ ਰੂਹਾਨੀ ਛਾਪ

### ਐਪੀਸੋਡ ੨੨: ਲਿਹਾਜ਼-ਏ-ਇਨਸਾਨੀਅਤ (ਮਨੁੱਖਤਾ ਦਾ ਸਤਿਕਾਰ)

ਚਰਚਾ ਨਾਲ ਸੰਬੰਧਿਤ ਇਹ ਨੁਕਤੇ ਅਫ਼ਗਾਨਿਸਤਾਨ ਅਤੇ ਪਾਕਿਸਤਾਨ ਵਿਚ ਗੁਰੂ ਨਾਨਕ ਦੁਆਰਾ ਕੀਤੀ ਯਾਤਰਾ ਨਾਲ ਸੰਬੰਧਿਤ ਇਤਿਹਾਸਕ ਮਹੱਤਤਾ ਅਤੇ ਦਾਰਸ਼ਨਿਕ ਗਹਿਰਾਈ ਦੀ ਖੋਜ ਲਈ ਇਕ ਰੂਪਰੇਖਾ ਪੇਸ਼ ਕਰਦੇ ਹਨ। ਵਿਦੇਸ਼ੀ ਹਮਲਿਆਂ ਦੀ ਰਾਜਨੀਤਿਕ ਉਥਲ-ਪੁਥਲ, ਮੱਧ ਏਸ਼ੀਆ ਦੇ ਧਾਰਮਿਕ ਦ੍ਰਿਸ਼, ਅਤੇ ਗੁਰੂ ਨਾਨਕ ਨਾਲ ਜੁੜੀਆਂ ਇਤਿਹਾਸਕ ਥਾਵਾਂ ਦੀ ਪੜਚੋਲ ਕਰਕੇ ਅਸੀਂ ਉਨ੍ਹਾਂ ਦੇ ਨਜ਼ਰੀਏ ਦੀ ਕੀਮਤੀ ਅੰਦਰੂਨੀ ਝਲਕ ਪ੍ਰਾਪਤ ਕਰਦੇ ਹਾਂ। ਇਹ ਦਾਰਸ਼ਨਿਕ ਘੋਖ ਗੁਰੂ ਨਾਨਕ ਦੇ ਇਨਕਲਾਬੀ ਨਜ਼ਰੀਏ 'ਤੇ ਕੇਂਦ੍ਰਿਤ ਹੈ, ਜੋ ਕਰਮ-ਕਾਂਡੀ ਰਸਮਾਂ ਦੀ ਤੁਲਨਾ ਵਿਚ ਨੈਤਿਕ ਆਚਰਨ ਨੂੰ ਤਰਜੀਹ ਦਿੰਦੀ ਹੈ। ਉਹ 'ਪੰਜ ਚੋਰਾਂ', ਅਰਥਾਤ ਮਨੁੱਖੀ ਚੇਤਨਾ ਨੂੰ ਗ੍ਰਸਤ ਕਰਨ ਵਾਲੇ ਦੋਸ਼ਾਂ, ਅਤੇ ਵੰਨ-ਸੁਵੰਨਤਾ ਵਰਗੇ ਮਹੱਤਵਪੂਰਨ ਵਿਚਾਰਾਂ ਨੂੰ ਸੰਬੋਧਨ ਕਰਦੇ ਹਨ। ਇਹ ਖੋਜ ਦੱਸਦੀ ਹੈ ਕਿ ਕਿਵੇਂ ਗੁਰੂ ਨਾਨਕ ਦਾ ਰੂਹਾਨੀ ਸੰਦੇਸ਼ ਭੂਗੋਲਿਕ, ਧਾਰਮਿਕ ਅਤੇ ਸੱਭਿਆਚਾਰਕ ਸੀਮਾਵਾਂ ਤੋਂ ਪਾਰ ਗਿਆ, ਜਿਸ ਨਾਲ ਆਧੁਨਿਕ ਸਰਹੱਦਾਂ ਦੁਆਰਾ ਵੰਡੇ ਹੋਏ ਖੇਤਰਾਂ ਵਿਚ ਭਾਈਚਾਰਕ ਪੈਰੋਕਾਰਾਂ ਦੇ ਸਮੂਹ ਸੰਗਠਿਤ ਹੋਏ। ਭਾਵੇਂ ਰਾਜਨੀਤਿਕ ਅਸਥਿਰਤਾ ਨੇ ਅਫਗਾਨਿਸਤਾਨ ਵਿਚਲੇ ਪ੍ਰਫੁੱਲਤ "ਨਾਨਕਪੰਥੀ" ਭਾਈਚਾਰਿਆਂ ਨੂੰ ਵੱਡੇ ਪੱਧਰ 'ਤੇ ਖਿੰਡਾ ਦਿੱਤਾ ਹੈ, ਭੌਤਿਕ ਸਥਾਨ ਅਤੇ ਉਨ੍ਹਾਂ ਦਾ ਦਰਸ਼ਨ ਗੁਰੂ ਨਾਨਕ ਦੁਆਰਾ ਦਿੱਤੀ ਵਿਸ਼ਵਵਿਆਪੀ ਮਨੁੱਖਤਾ ਦੀ ਵਿਰਾਸਤ ਨੂੰ ਸੁਰੱਖਿਅਤ ਰੱਖਦੇ ਹਨ, ਸਾਨੂੰ ਇਸ ਗੱਲ 'ਤੇ ਵਿਚਾਰ ਕਰਨ ਲਈ ਪ੍ਰੇਰਿਤ ਕਰਦੇ ਹਨ ਕਿ ਉਨ੍ਹਾਂ ਦੁਆਰਾ ਦਿੱਤਾ ਸਦੀਵੀ  ਬਿਬੇਕ ਸਮਕਾਲੀ ਵੰਡਾਂ ਅਤੇ ਟਕਰਾਵਾਂ ਨੂੰ ਕਿਵੇਂ ਹੱਲ ਕਰਨ ਵਿੱਚ ਮਦਦ ਕਰ ਸਕਦਾ ਹੈ।

## ਇਤਿਹਾਸਕ ਚਰਚਾ ਨੁਕਤੇ:

੧. ਗੁਰੂ ਨਾਨਕ ਦੀ ਤੀਜੀ ਯਾਤਰਾ ਦੌਰਾਨ ਇਸਲਾਮੀ ਖੇਤਰਾਂ ਵਿਚ ਸਮਾਜਿਕ ਗਤੀਵਿਧੀਆਂ ਨੂੰ ਆਕਾਰ ਦੇਣ ਵਾਲਾ ਇਤਿਹਾਸਕ ਪਰਿਪੇਖ ਕੀ ਸੀ?
ਗੁਰੂ ਨਾਨਕ ਦੀ ਤੀਜੀ ਯਾਤਰਾ ਪੱਛਮ ਵਾਲੇ ਪਾਸੇ ਸੀ ਜੋ ਲਗਭਗ ੧੫੨੦ ਤੋਂ ੧੫੨੪ ਈਸਵੀ ਤੱਕ ਚਲੀ, ਜਦ ਉਹ ਲਗਭਗ ੫੫ ਸਾਲ ਦੇ ਸਨ। ਇਸ ਕਾਲ ਵਿਚ ਬਾਬਰ ਹਿੰਦੋਸਤਾਨ ਉਪਰ ਹਮਲੇ ਕਰ ਮੁਗਲ ਸਲਤਨਤ ਦੀ ਨੀਂਹ ਰੱਖਣ ਦੀ ਜ਼ਦੋ-ਜ਼ਹਿਦ ਵਿਚ ਸੀ। ਖ਼ਾਸ ਕਰਕੇ, ਜਦ ਗੁਰੂ ਨਾਨਕ ਕੰਧਾਰ ਵਿਚ ਸਨ, ਤਦ ਇਹ ਖੇਤਰ ਅੱਜ ਵਾਂਗ ਹੀ ਹਮਲਿਆਂ ਦੀ ਆਰਜਕਤਾ ਦਾ ਸਾਹਮਣਾ ਕਰ ਰਿਹਾ ਸੀ। ਇਹ ਰਾਜਨੀਤਿਕ ਅਸਥਿਰਤਾ ਨੇ ਉਨ੍ਹਾਂ ਦੀ ਯਾਤਰਾ ਦੌਰਾਨ ਹੋਏ ਗੁਰੂ ਨਾਨਕ ਦੇ ਵਾਰਤਾਲਾਪਾਂ ਅਤੇ ਉਨ੍ਹਾਂ ਦੇ ਪ੍ਰਭਾਵਮਈ ਸੰਦੇਸ਼ ਨੂੰ ਕਿਵੇਂ ਆਕਾਰ ਦਿੱਤਾ?

੨. ਗੁਰੂ ਨਾਨਕ ਦੁਆਰਾ ਕੀਤੀ ਅਫਗਾਨਿਸਤਾਨ ਦੀ ਯਾਤਰਾ ੧੬ਵੀਂ ਸਦੀ ਦੌਰਾਨ ਇਸ ਖੇਤਰ ਵਿਚ ਮੌਜੂਦ ਅਮੀਰ ਸੱਭਿਆਚਾਰਕ ਅਤੇ ਧਾਰਮਿਕ ਵਿਭਿੰਨਤਾ ਨੂੰ ਕਿਵੇਂ ਦਰਸਾਉਂਦੀ ਹੈ?
ਇਹ ਐਪੀਸੋਡ ਅਫਗਾਨਿਸਤਾਨ ਦੀ ਅਮੀਰ ਇਤਿਹਾਸਕ ਮਹਤੱਤਾ ਦੀ ਪੜਚੋਲ ਕਰਦਾ ਹੋਇਆ ਇਸ ਤੱਥ ਨੂੰ ਉਜਾਗਰ ਕਰਦਾ ਹੈ ਕਿ ਕਾਬੁਲ ਕਦੇ ਵੈਦਿਕ ਸੱਭਿਆਚਾਰ ਦਾ ਕੇਂਦਰ ਸੀ। ਇਸ ਦੇ ਨਾਲ ਹੀ, ਗਜ਼ਨੀ ਵਰਗੇ ਸ਼ਹਿਰ ਪ੍ਰਾਚੀਨ ਵਪਾਰ ਅਤੇ ਆਵਾਜਾਈ ਮਾਰਗਾਂ ਦੇ ਨਾਲ ਆਪਣੀ ਸਥਿਤੀ ਦੇ ਕਾਰਨ ਆਪਣੀ ਬਹੁ-ਜਾਤੀ ਵਸੋਂ ਲਈ ਜਾਣੇ ਜਾਂਦੇ ਸਨ। ਇਸ ਵਿਚ ਇਹ ਵੀ ਜ਼ਿਕਰ ਕੀਤਾ ਗਿਆ ਹੈ ਕਿ ਗੁਰੂ ਨਾਨਕ ਦੁਆਰਾ ਹਿੰਦੂ ਮੰਦਰਾਂ, ਇਸਲਾਮੀ ਸਥਾਨਾਂ ਅਤੇ ਸੰਨਿਆਸ ਨਾਲ ਸੰਬੰਧਿਤ ਸਥਾਨਾਂ ਸਮੇਤ ਵੱਖ-ਵੱਖ ਰੂਹਾਨੀ ਕੇਂਦਰਾਂ ਦਾ ਦੌਰਾ ਕੀਤਾ ਸੀ। ਇਹ ਯਾਤਰਾ ਉਸ ਸਮੇਂ ਦੌਰਾਨ ਮੱਧ ਏਸ਼ੀਆ ਦੇ ਜਟਿਲ ਧਾਰਮਿਕ ਦ੍ਰਿਸ਼ ਨੂੰ ਕਿਵੇਂ ਪੇਸ਼ ਕਰਦੀ ਹੈ?

੩. ਮੌਜੂਦਾ ਅਫ਼ਗਾਨਿਸਤਾਨ ਅਤੇ ਪਾਕਿਸਤਾਨ ਵਿਚ ਗੁਰੂ ਨਾਨਕ ਦੀ ਮੌਜੂਦਗੀ ਨਾਲ ਸੰਬੰਧਿਤ ਕਿਹੜੇ ਸਬੂਤ ਮਿਲਦੇ ਹਨ?
ਇਹ ਐਪੀਸੋਡ ਗੁਰੂ ਨਾਨਕ ਦੀਆਂ ਯਾਤਰਾਵਾਂ ਦੀ ਯਾਦ ਵਿਚ ਬਣਾਏ ਗਏ ਕਈ ਥਾਵਾਂ ਦਾ ਵੇਰਵਾ ਦਿੰਦਾ ਹੈ, ਜਿਨ੍ਹਾਂ ਵਿਚ ਕੰਧਾਰ, ਗਜ਼ਨੀ, ਕਾਬੁਲ, ਜਲਾਲਾਬਾਦ, ਪਰਾਚਿਨਾਰ, ਇਬਰਾਹੀਮਜ਼ਈ ਅਤੇ ਪੇਸ਼ਾਵਰ ਦੇ ਗੁਰਦੁਆਰੇ ਸ਼ਾਮਲ ਹਨ। ਇਸ ਵਿਚ 'ਚਸ਼ਮਾ ਸਾਹਿਬ' ਵਰਗੇ ਪਾਣੀ ਦੇ ਸਰੋਤਾਂ ਦਾ ਵੀ ਉਲੇਖ ਹੈ, ਜੋ ਜਲਾਲਾਬਾਦ ਦੇ ਨੇੜੇ ਸਥਿਤ ਹਨ ਅਤੇ ਜਿਨ੍ਹਾਂ

ਬਾਰੇ ਸਥਾਨਕ ਲੋਕਾਂ ਦਾ ਵਿਸ਼ਵਾਸ ਹੈ ਕਿ ਉਹ ਗੁਰੂ ਨਾਨਕ ਵੱਲੋਂ ਪ੍ਰਗਟ ਕੀਤੇ ਗਏ ਸਨ। ਇਹ ਐਪੀਸੋਡ ਵੱਖ-ਵੱਖ ਜਨਮਸਾਖੀਆਂ ਦਾ ਹਵਾਲਾ ਦਿੰਦਾ ਹੈ ਜੋ ਇਹਨਾਂ ਯਾਤਰਾਵਾਂ ਦਾ ਬ੍ਰਿਤਾਂਤ ਪੇਸ਼ ਕਰਦੀਆਂ ਹਨ, ਭਾਵੇਂ ਉਨ੍ਹਾਂ ਵਿਚ ਕੁਝ ਅਸੰਗਤਤਾਵਾਂ ਵੀ ਹਨ। ਇਹ ਇਤਿਹਾਸਕ ਚਿੰਨ੍ਹ ਇਨ੍ਹਾਂ ਖੇਤਰਾਂ ਵਿਚ ਗੁਰੂ ਨਾਨਕ ਦੀ ਮੌਜੂਦਗੀ ਦੇ ਪ੍ਰਭਾਵ ਬਾਰੇ ਕੀ ਦਰਸਾਉਂਦੇ ਹਨ?

੪. ਗੁਰੂ ਨਾਨਕ ਅਤੇ ਉਨ੍ਹਾਂ ਦੀ ਯਾਤਰਾ ਦੌਰਾਨ ਮਿਲੇ ਵੱਖ-ਵੱਖ ਰੂਹਾਨੀ ਸ਼ਖ਼ਸੀਅਤਾਂ ਦੇ ਵਿਚਕਾਰ ਕਿਹੋ ਜਿਹਾ ਰਿਸ਼ਤਾ ਸੀ?
ਇਹ ਐਪੀਸੋਡ ਗੁਰੂ ਨਾਨਕ ਦੀਆਂ ਵੱਖ-ਵੱਖ ਰੂਹਾਨੀ ਸ਼ਖ਼ਸੀਅਤਾਂ ਨਾਲ ਹੋਈਆਂ ਮੁਲਾਕਾਤਾਂ ਦਾ ਵੇਰਵਾ ਦਿੰਦਾ ਹੈ, ਜਿਵੇਂ ਕਿ ਕੰਧਾਰ ਵਿੱਚ ਬਾਬਾ ਵਲੀ ਕੰਧਾਰੀ, ਅਤੇ ਪੇਸ਼ਾਵਰ ਦੇ ਗੋਰਖ ਹਟਰੀ ਵਿਚ ਸ਼ਾਹ ਸ਼ਰਾਫ ਅਤੇ ਗੋਰਖਪੰਥੀ ਜੋਗੀ (ਸੰਨਿਆਸੀ)। ਇਹ ਮੁਲਾਕਾਤਾਂ ਗੁਰੂ ਨਾਨਕ ਦੇ ਸੰਦੇਸ਼ ਦੇ ਵਿਕਾਸ ਅਤੇ ਪ੍ਰਸਾਰ ਨੂੰ ਕਿਵੇਂ ਪ੍ਰਭਾਵਿਤ ਕਰਦੀਆਂ ਹਨ?

੫. ਅਫ਼ਗਾਨਿਸਤਾਨ ਵਿੱਚ ਗੁਰੂ ਨਾਨਕ ਦੇ ਦਰਸ਼ਨ ਦਾ ਅਸਰ ਇਤਿਹਾਸਕ ਤੌਰ 'ਤੇ ਖ਼ਾਸ ਕਰਕੇ 'ਨਾਨਕਪੰਥੀ' ਭਾਈਚਾਰੇ ਦੇ ਸੰਦਰਭ ਵਿੱਚ ਕਿਵੇਂ ਵਿਕਸਿਤ ਹੋਇਆ ਹੈ?
ਐਪੀਸੋਡ ਦੱਸਦਾ ਹੈ ਕਿ ੧੯੯੨ਈ: ਦੇ ਅਫ਼ਗਾਨ ਗ੍ਰਿਹਯੁੱਧ ਤੋਂ ਪਹਿਲਾਂ 'ਨਾਨਕਪੰਥੀ' ਭਾਈਚਾਰਾ, ਜਿਸ ਵਿਚ ਸਿੱਖ ਅਤੇ ਹਿੰਦੂ ਸ਼ਾਮਲ ਸਨ ਜੋ ਗੁਰੂ ਨਾਨਕ ਦੇ ਦਰਸ਼ਨ ਨੂੰ ਮੰਨਦੇ ਸਨ, ਦੀ ਅੰਦਾਜ਼ਨ ਗਿਣਤੀ ਲਗਭਗ ੨,੫੦,੦੦੦ ਸੀ। ਇਸ ਦੇ ਉਲਟ, ਅੱਜ ਅਫ਼ਗਾਨਿਸਤਾਨ ਵਿਚ ਇਨ੍ਹਾਂ ਦੀ ਗਿਣਤੀ ਇਕ ਹਜ਼ਾਰ ਤੋਂ ਵੀ ਘੱਟ ਹੈ। ਇਸ ਵਿਚ ਡਾ. ਰਘੁਨਾਥ ਨੂੰ ਕੰਧਾਰ ਦੇ ਆਖ਼ਰੀ 'ਨਾਨਕਪੰਥੀ' ਨਿਵਾਸੀ ਵਜੋਂ ਦਰਸਾਇਆ ਗਿਆ ਹੈ ਅਤੇ ਸਾਰੇ ਖਿੱਤੇ ਵਿਚ ਵੈਰਾਨ ਪਏ ਗੁਰਦੁਆਰਿਆਂ ਦੀ ਚਰਚਾ ਕੀਤੀ ਗਈ ਹੈ। ਅਬਾਦੀ ਦੇ ਇਸ ਮਹੱਤਵਪੂਰਨ ਤਬਾਦਲੇ ਵਿਚ ਕਿਹੜੇ-ਕਿਹੜੇ ਕਾਰਣ ਸ਼ਾਮਲ ਹਨ, ਅਤੇ ਇਸ ਵਿਰਾਸਤ ਨੂੰ ਸੁਰੱਖਿਅਤ ਰੱਖਣ ਲਈ ਕਿਹੜੇ ਉਪਰਾਲੇ ਕੀਤੇ ਜਾ ਰਹੇ ਹਨ?

## ਦਾਰਸ਼ਨਿਕ ਚਰਚਾ ਨੁਕਤੇ:

੧. ਗੁਰੂ ਨਾਨਕ ਨੇ ਲੋਕਾਂ ਨੂੰ ਧਾਰਮਿਕ ਰਸਮਾਂ ਦੀ ਪਾਲਣਾ ਨਾਲੋਂ ਸਹੀ ਆਚਰਣ ਦੇ ਅਭਿਆਸ ਦੀ ਡੂੰਘਾਈ ਨੂੰ ਪਛਾਣਨ ਲਈ ਕਿਵੇਂ ਪ੍ਰੇਰਿਤ ਕੀਤਾ?
ਇਸ ਐਪੀਸੋਡ ਵਿਚ, ਗੁਰੂ ਨਾਨਕ ਆਪਣੀ ਬਾਣੀ ਸਾਂਝੀ ਕਰਦੇ ਹੋਏ ਕਹਿੰਦੇ ਹਨ ਕਿ ਬਿਨਾਂ ਵਿਚਾਰ, ਬੋਲਣਾ ਅਤੇ ਸੁਣਨਾ ਮਨ ਨੂੰ ਭੌਤਿਕਵਾਦ ਵਿਚ ਫਸਾਉਂਦਾ ਹੈ। ਉਹ ਇਸ ਗੱਲ 'ਤੇ ਜ਼ੋਰ ਦਿੰਦੇ ਹਨ ਕਿ ਦੈਵੀਤਵ ਨੂੰ ਸਮਝਣ ਦੀ ਕਿਰਪਾ ਉਨ੍ਹਾਂ ਲੋਕਾਂ ਦੁਆਰਾ ਪ੍ਰਾਪਤ ਕੀਤੀ ਜਾਂਦੀ ਹੈ ਜੋ ਅੰਤਰੀਵੀ ਬਿਬੇਕ ਨੂੰ ਆਪਣਾ ਸਾਥੀ ਬਣਾਉਂਦੇ ਹਨ ਅਤੇ ਏਕਤਾ ਦੇ ਸੰਕਲਪ ਨੂੰ ਅਪਣਾਉਂਦੇ ਹਨ। ਉਹ ਅੱਗੇ ਦੱਸਦੇ ਹਨ ਕਿ ਮਨ ਨੂੰ ਕਾਬੂ ਕਰਨ ਲਈ ਕੀਤੇ ਗਏ ਸਰੀਰਕ ਅਭਿਆਸ ਬੇਅਸਰ ਹਨ ਜੇਕਰ ਉਹ ਅੰਦਰ ਵਸਦੇ ਸ਼ੈਤਾਨੀ ਵਿਕਾਰਾਂ ਨੂੰ ਕਾਬੂ ਨਹੀਂ ਕਰਦੇ। ਇਹ ਬਿਬੇਕਮਈ ਤੱਥ ਕਿਵੇਂ ਇਸ ਵਿਚਾਰ ਨੂੰ ਚੁਣੌਤੀ ਦਿੰਦੇ ਹਨ ਕਿ ਸਿਰਫ਼ ਬਾਹਰੀ ਧਾਰਮਿਕ ਅਭਿਆਸ ਹੀ ਰੂਹਾਨੀ ਵਿਕਾਸ ਲਈ ਕਾਫ਼ੀ ਹਨ?

੨. ਗੁਰੂ ਨਾਨਕ ਨੇ 'ਪੰਜ ਚੋਰਾਂ' ਦੇ ਰੂਪ ਵਿੱਚ ਕਿਹੜੇ ਤੱਤਾਂ ਦੀ ਪਛਾਣ ਕੀਤੀ, ਅਤੇ ਉਹ ਉਨ੍ਹਾਂ ਦੇ ਦਰਸ਼ਨ ਵਿਚ ਮਨੁੱਖੀ ਪੀੜਾ ਨਾਲ ਕਿਵੇਂ ਸੰਬੰਧਿਤ ਹਨ?
ਐਪੀਸੋਡ ਵਿਚ ਗੁਰੂ ਨਾਨਕ ਸ਼ਕਤੀ, ਧਨ, ਸੁੰਦਰਤਾ, ਰੁਤਬਾ ਅਤੇ ਨੌਜਵਾਨੀ ਨੂੰ ਪੰਜ ਚੋਰਾਂ ਦੇ ਰੂਪ ਵਜੋਂ ਪਛਾਣਦੇ ਹਨ। ਉਹ ਕਹਿੰਦੇ ਹਨ ਕਿ ਇਨ੍ਹਾਂ ਚੋਰਾਂ ਨੇ ਸੰਸਾਰ ਨੂੰ ਲੁੱਟ ਲਿਆ ਹੈ ਅਤੇ ਕਿਸੇ ਦੀ ਵੀ ਇਜ਼ਤ ਨਹੀਂ ਬਚੀ। ਉਹ ਇਹ ਵੀ ਦੱਸਦੇ ਹਨ ਕਿ ਇਹ ਚੋਰ ਉਹਨਾਂ ਤੋਂ ਲੁੱਟੇ ਜਾਂਦੇ ਹਨ ਜੋ ਰੂਹਾਨੀ ਗਿਆਨ ਅੱਗੇ ਸਮਰਪਿਤ ਹੋ ਜਾਂਦੇ ਹਨ, ਅਤੇ ਇਹ ਉਹਨਾਂ ਨੂੰ ਲੁੱਟਦੇ ਹਨ ਜਿਨ੍ਹਾਂ ਦੀ ਨੀਅਤ ਵਿਚ ਇਮਾਨਦਾਰੀ ਨਹੀਂ ਹੁੰਦੀ। ਇਹ ਧਾਰਣਾ ਕਿਵੇਂ ਗੁਰੂ ਨਾਨਕ ਦੁਆਰਾ ਦਿੱਤੀ ਮਨੁੱਖੀ ਮਨੋਵਿਗਿਆਨ ਅਤੇ ਰੂਹਾਨੀ ਮੁਕਤੀ ਦੀ ਸੂਝ ਨੂੰ ਉਜਾਗਰ ਕਰਦੀ ਹੈ।

੩. ਗੁਰੂ ਨਾਨਕ ਨੇ ਆਪਣੇ ਸਮੇਂ ਵਿਚਲੀ ਜਟਿਲ ਲਿੰਗ ਅਸਮਾਨਤਾ ਨੂੰ ਕਿਵੇਂ ਚੁਣੌਤੀ ਦਿੱਤੀ?
ਐਪੀਸੋਡ ਗੁਰੂ ਨਾਨਕ ਦੇ ਬਿਬੇਕ ਨੂੰ ਉਜਾਗਰ ਕਰਦਾ ਹੈ, ਜਿੱਥੇ ਉਹ ਪੁਰਜ਼ੋਰ ਤਾਕੀਦ ਕਰਦੇ ਹਨ ਕਿ ਹਰ ਕੋਈ ਔਰਤ ਤੋਂ ਹੀ ਜੰਮਦਾ ਹੈ। ਔਰਤ ਹੀ ਗਰਭਧਾਰਣ ਦਾ ਸਰੋਤ ਹੈ, ਵਿਆਹ ਲਈ ਵੀ ਔਰਤ ਚਾਹੀਦੀ ਹੈ, ਅਤੇ ਉਹ ਮਿੱਤਰ ਵੀ ਹੋ ਸਕਦੀ ਹੈ। ਔਰਤ ਰਾਹੀਂ ਹੀ ਵੰਸ਼ ਅੱਗੇ ਵਧਦਾ ਹੈ। ਫਿਰ ਔਰਤ ਨੂੰ ਘਟੀਆ ਕਿਉਂ ਸਮਝਿਆ ਜਾਵੇ? ਔਰਤਾਂ ਤੋਂ ਹੀ ਉਹ ਲੋਕ ਆਉਂਦੇ

ਹਨ ਜੋ ਸਦਗੁਣ ਅਤੇ ਯੋਗਤਾ ਰੱਖਦੇ ਹਨ। ਇਹ ਸਬਦ ਕਿਵੇਂ ਸਮਾਜਿਕ ਸਰੋਕਾਰਾਂ ਉੱਤੇ ਗੁਰੂ ਨਾਨਕ ਦੇ ਪ੍ਰਗਤੀਸੀਲ ਨਜ਼ਰੀਏ ਨੂੰ ਦਰਸਾਉਂਦਾ ਹੈ ਅਤੇ ਲਿੰਗ ਅਸਮਾਨਤਾ ਨੂੰ ਠੋਸ ਢੰਗ ਨਾਲ ਨਕਾਰਦਾ ਹੈ?

੪. ਗ੍ਰਿਹਸਥ ਜੀਵਨ ਅਤੇ ਸੰਨਿਆਸੀ ਜੀਵਨ ਸੰਬੰਧੀ ਗੁਰੂ ਨਾਨਕ ਦਾ ਨਜ਼ਰੀਆ ਕੀ ਸੀ? ਐਪੀਸੋਡ ਵਿਚ, ਜਦ ਗੋਰਖ ਹਟਰੀ ਵਿਚ ਉਨ੍ਹਾਂ ਨੂੰ ਪੁੱਛਿਆ ਗਿਆ ਕਿ ਕੀ ਉਹ ਆਪਣੇ ਆਪ ਨੂੰ ਗ੍ਰਿਹਸਥ ਮੰਨਦੇ ਹਨ ਜਾਂ ਸੰਨਿਆਸੀ, ਤਾਂ ਗੁਰੂ ਨਾਨਕ ਨੇ ਆਪਣੇ ਆਪ ਨੂੰ ਗ੍ਰਿਹਸਥ ਦੱਸਿਆ। ਜਦ ਸੰਨਿਆਸੀਆਂ ਨੇ ਤਰਕ ਦਿੱਤਾ ਕਿ ਗ੍ਰਿਹਸਥੀ, ਪਰਿਵਾਰਕ ਜੀਵਨ ਵਿਚ ਉਲਝ ਕੇ ਉੱਚਤਮ ਆਤਮ ਗਿਆਨ ਪ੍ਰਾਪਤ ਨਹੀਂ ਕਰ ਸਕਦਾ, ਤਾਂ ਗੁਰੂ ਨਾਨਕ ਨੇ ਜਵਾਬ ਦਿੱਤਾ ਕਿ ਸੰਨਿਆਸੀ ਭਾਵੇਂ ਸਮਾਜ ਤੋਂ ਵੱਖਰਾ ਹੋ ਸਕਦਾ ਹੈ, ਪਰ ਉਹ ਅਹੰਕਾਰ ਵਿਚ ਡੁੱਬ ਸਕਦਾ ਹੈ ਅਤੇ ਹਉਮੈਂ-ਕੇਂਦਰਿਤ ਜੀਵਨ ਜੀਅ ਸਕਦਾ ਹੈ। ਉਲਟ, ਇਕ ਗ੍ਰਿਹਸਥ ਸਮਾਜਕ ਕੰਮਾਂ ਵਿੱਚ ਭਾਗ ਲੈਂਦੇ ਹੋਏ ਵੀ ਨਿਮਰਤਾ ਦਾ ਧਾਰਨੀ ਹੋ ਸਕਦਾ ਹੈ ਅਤੇ ਰੂਹਾਨੀ ਰਾਹ ਉੱਤੇ ਡਟਿਆ ਰਹਿ ਸਕਦਾ ਹੈ। ਇਹ ਨਜ਼ਰੀਆ ਰੂਹਾਨੀ ਉੱਨਤੀ ਦੀਆਂ ਪਰੰਪਰਾਗਤ ਧਾਰਣਾਵਾਂ ਨੂੰ ਕਿਵੇਂ ਚੁਣੌਤੀ ਦਿੰਦਾ ਹੈ?

੫. ਗੁਰੂ ਨਾਨਕ ਨੇ ਕਿਵੇਂ ਸਾਰੀਆਂ ਆਸਥਾਵਾਂ ਪ੍ਰਤੀ ਸਤਿਕਾਰ 'ਤੇ ਆਧਾਰਤ ਇਕਤਾ ਦੇ ਦਰਸ਼ਨ ਨੂੰ ਵਧਾਵਾ ਦਿੰਦੇ ਹੋਏ ਵੱਖ-ਵੱਖ ਧਾਰਮਿਕ ਪਛਾਣਾਂ ਵਿਚਕਾਰ ਪੁਲ ਬਣਾਇਆ? ਐਪੀਸੋਡ ਵਿਚ ਗੁਰੂ ਨਾਨਕ ਦੇ ਇਕ ਸਬਦ ਦਾ ਉਲੇਖ ਹੈ, ਜੋ ਧਾਰਮਿਕ ਵਿਚਾਰਾਂ ਵਿਚਲੇ ਵਿਵਾਦ ਨੂੰ ਉਜਾਗਰ ਕਰਦਾ ਹੈ। ਅਬਰਾਹਮਿਕ ਪਰੰਪਰਾ ‘ਕਤੇਬ’ ਅਤੇ ‘ਕੁਰਾਨ’ ਨੂੰ ਪਵਿੱਤਰ ਗ੍ਰੰਥ ਮੰਨਦੀ ਹੈ, ਜਦਕਿ ਭਾਰਤੀ ਪਰੰਪਰਾ ‘ਪੁਰਾਣਾਂ’ ਨੂੰ ਸਤਿਕਾਰਯੋਗ ਗ੍ਰੰਥ ਮੰਨਦੀ ਹੈ। ਕਾਬੁਲ ਵਿਚ, ਗੁਰੂ ਨਾਨਕ ਨੇ ਧਾਰਮਿਕ ਪਛਾਣ 'ਤੇ ਚਰਚਾ ਕਰ ਰਹੇ ਸੰਤਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਮਨੁੱਖ ਰਚਨਹਾਰ ਨੂੰ ਵੱਖ-ਵੱਖ ਨਾਮਾਂ ਨਾਲ ਬੁਲਾ ਸਕਦਾ ਹੈ, ਉਸਨੂੰ ਵੱਖ-ਵੱਖ ਧਰਮਾਂ ਨਾਲ ਜੋੜ ਸਕਦਾ ਹੈ ਜਾਂ ਵੱਖ-ਵੱਖ ਥਾਵਾਂ 'ਤੇ ਸਤਿਕਾਰ ਦੇ ਸਕਦਾ ਹੈ। ਫਿਰ ਵੀ, ਵਿਸ਼ਵਾਸਾਂ ਦੀ ਵੱਖਰਤਾ ਦੇ ਬਾਵਜੂਦ, ਇਹ ਮੰਨਣਾ ਲਾਜ਼ਮੀ ਹੈ ਕਿ ਸਿਰਫ ਇਕ ਹੀ ਤਾਕਤ ਸਰਵਵਿਆਪੀ ਹੈ।

੬. ਗੁਰੂ ਨਾਨਕ ਦੀ ਮਨੁੱਖੀ ਵੰਨ-ਸੁਵੰਨਤਾ ਬਾਰੇ ਦਿੱਤੀ ਸੂਝ ਦੇ ਪਰਿਪੇਖ ਵਿੱਚ 'ਸਹਚਰ ਰੋਪਣ' ਪ੍ਰਕਿਰਿਆ ਦਾ ਕੀ ਮਹੱਤਵ ਹੈ?

ਐਪੀਸੋਡ ਵਿੱਚ ਦੱਸਿਆ ਗਿਆ ਹੈ ਕਿ 'ਸਹਚਰ ਰੋਪਣ' ਇਕ ਪੁਰਾਣੀ ਤਕਨੀਕ ਹੈ ਜਿਸ ਵਿਚ ਦੋ ਵੱਖ-ਵੱਖ ਕਿਸਮਾਂ ਦੇ ਪੌਦਿਆਂ ਨੂੰ ਇਕ ਦੂਜੇ ਦੇ ਨਾਲ ਲਗਾਇਆ ਜਾਂਦਾ ਹੈ ਤਾਂ ਜੋ ਦੋਵਾਂ ਨੂੰ ਵਧਣ-ਫੁੱਲਣ ਵਿਚ ਮਦਦ ਮਿਲ ਸਕੇ। ਇਸੇ ਤਰ੍ਹਾਂ, ਮਨੁੱਖ ਵੀ ਵਿਭਿੰਨ ਭਾਈਚਾਰਿਆਂ ਵਿਚ ਵਧਦੇ-ਫੁੱਲਦੇ ਹਨ। ਇਹ ਵਿਚਾਰ ਇਕਰਾਮ-ਉਦ-ਦੀਨ ਨਾਲ ਜੁੜਿਆ ਹੋਇਆ ਹੈ, ਜੋ ਅਫਗਾਨ ਮੂਲ ਦਾ ਹੋ ਆਪਣੇ ਸਿੱਖ ਅਤੇ ਹਿੰਦੂ ਦੋਸਤਾਂ ਲਈ ਤਰਸਦਾ ਹੈ। ਉਹ ਇਸ ਗੱਲ 'ਤੇ ਜ਼ੋਰ ਦਿੰਦਾ ਹੈ ਕਿ ਸਮਾਜਿਕ ਧਰੁਵੀਕਰਨ ਆਉਣ ਵਾਲੀਆਂ ਪੀੜ੍ਹੀਆਂ ਨੂੰ ਵੰਨ-ਸੁਵੰਨਤਾ ਵਿਚ ਏਕਤਾ ਤੋਂ ਆਉਣ ਵਾਲੇ ਅਨੰਦਮਈ ਗੁਣਾਂ ਤੋਂ ਵਾਂਝਾ ਕਰਦਾ ਹੈ। ਇਹ ਰੂਪਕ ਗੁਰੂ ਨਾਨਕ ਦੇ ਇਕ ਸਦਭਾਵਨਾਪੂਰਨ ਅਤੇ ਬਹੁਲਤਾਵਾਦੀ ਸਮਾਜ ਦੇ ਦ੍ਰਿਸ਼ਟੀਕੋਣ ਨੂੰ ਕਿਵੇਂ ਦਰਸਾਉਂਦਾ ਹੈ?